ਪ੍ਰਸ਼ਨ ਬੈਂਕ

HI/VI/MR ਇੰਟਰਮੀਡੀਅਟ ਕਲਾਸ

ਵਿਸ਼ਾ : ਧਰਮ ਬਾਰ੍ਹਵੀਂ ਜਮਾਤ (ਸਾਲ 2018-19)

ਪ੍ਰਸ਼ਨ : 1 ਤੋਂ ..... ਵਸਤੂਨਿਸ਼ਠ ਕਿਸਮ ਦੇ ਪ੍ਰਸ਼ਨ ਹਨ।

ਖਾਲੀ ਥਾਵਾਂ ਭਰੋ. (ਪ੍ਰਸ਼ਨ 1-70)

1. ਸਿੰਧੂ ਘਾਟੀ ਸਭਿਅਤਾ ਦੇ ਅਵਸ਼ੇਸ਼ ਸੱਭ ਤੋਂ ਪਹਿਲਾਂ ..... ਤੋਂ ਮਿਲੇ।
2. ਆਰੀਆਂ ਦਾ ਸਭ ਤੋਂ ਵੱਡਾ ਦੇਵਤਾ ..... ਸੀ।
3. ਮਹਾਤਮਾ ਬੁੱਧ ਦਾ ਜਨਮ ਕਮਿਲਵਸਤੂ ਦੇ ਨੇੜੇ ..... ਨਾਂ ਦੇ ਸਥਾਨ ਤੇ ਹੋਇਆ।
4. 'ਸਤਿਗੁਰ ਨਾਨਕ ਪ੍ਰਗਟਿਆ' ਤੁੱਕ ..... ਦੀ ਲਿਖੀ ਹੋਈ ਹੈ।
5. ਅਥਰਵਵੇਦ ਨੂੰ ..... ਕਿਹਾ ਜਾਂਦਾ ਹੈ।
6. ..... ਪੁਰਾਣ ਦਾ ਸਬੰਧ ਵਿਸ਼ਨੂੰ ਭਗਤੀ ਨਾਲ ਹੈ।
7. ਗੁਰੂ ਅਰਜਨ ਦੇਵ ਜੀ ਨੇ ..... ਕੋਲੋਂ ਬਾਣੀ ਲਿਆਉਣ ਲਈ ਭਾਈ ਗੁਰਦਾਸ ਜੀ ਨੂੰ ਭੇਜਿਆ।
8. ਬੁੱਧ ਧਰਮ ਦੀ ਨੈਤਿਕਤਾ ..... ਵਿੱਚ ਛੁਪੀ ਹੋਈ ਹੈ।
9. ਗੁਰੂ ..... ਜੀ ਦੇ ਦਰਬਾਰ ਵਿੱਚ ਢਾਡੀ ਲੋਕ-ਵਾਰ ਸੁਣਾਉਂਦੇ ਸਨ।
10. ਸਰ ਮੋਰਟੀਅਰ ਵੀਲਰ ਸਿੰਧੂ ਘਾਟੀ ਸਭਿਅਤਾ ਦਾ ਕਾਲ ..... ਮੰਨਦਾ ਹੈ।
11. ਮੁੱਢਲੇ ਆਰੀਆ ਲੋਕ ਇੰਦਰ ਨੂੰ ਵਰਖਾ ਅਤੇ ..... ਦਾ ਦੇਵਤਾ ਮੰਨਦੇ ਹਨ।
12. ਮਹਾਤਮਾ ਬੁੱਧ ਦੀ ਮਾਤਾ ਦਾ ਨਾਂ ..... ਸੀ।
13. ਗੁਰੂ ਨਾਨਕ ਦੇਵ ਜੀ ਨੇ ਵਿਦੇਸ਼ਾਂ ਜਿਵੇਂ : ਤਿੱਬਤ ਅਤੇ ..... ਦੀ ਯਾਤਰਾ ਕੀਤੀ।
14. ਰਿਗਵੇਦ ..... ਮੰਡਲਾਂ ਵਿੱਚ ਵੰਡਿਆ ਹੋਇਆ ਹੈ।
15. ਆਦਿਗ੍ਰੰਥ ਵਿੱਚ ਕੁੱਲ ..... ਭਗਤਾਂ ਦੀ ਬਾਣੀ ਸ਼ਾਮਿਲ ਹੈ।
16. ਸੁਧਾ ਸਵਈਏ ..... ਦੀਆਂ ਬਾਣੀਆਂ ਵਿੱਚ ਸ਼ਾਮਿਲ ਹੈ।
17. ਸਿੰਧੂ ਘਾਟੀ ਦੇ ਲੋਕ ਮ੍ਰਿਤਕ ਸਰੀਰ ਨੂੰ ਭੂਮੀ ਵਿੱਚ ਦਬਾ ਕੇ ਉਸ ਦੀ ..... ਬਣਾ ਦਿੰਦੇ ਸਨ।
18. 'ਅਗਨੀ ਦੇਵਤਾ' ਨੂੰ ..... ਦਾ ਜੁੜਵਾ ਭਰਾ ਮੰਨਿਆਂ ਜਾਂਦਾ ਸੀ।
19. ਬੁੱਧ ਮੱਤ ਦੀ ਦੂਜੀ ਸੱਚਾਈ ..... ਹੈ।
20. ਰਿਗਵੇਦ ਦੇ ਦਾਰਸ਼ਨਿਕ ਚਿੰਤਨ ਵਿੱਚ ਸ਼ਾਮਿਲ ਹੈ ..... ਦੀ ਉਤਪਤੀ।

(2)

21. ਮੁੱਖ ਤੌਰ ਤੇ ਉਪਨਿਸ਼ਚਾ ਦੀ ਗਿਣਤੀ ..... ਮੰਨੀ ਗਈ ਹੈ।

22. ਆਦਿ ਗ੍ਰੰਥ ਵਿੱਚ ਸੂਫੀ ਸੰਤ ..... ਜੀ ਦੀ ਬਾਣੀ ਦਰਜ ਹੈ।

23. ਮਹਾਤਮਾ ਬੁੱਧ ਨੇ ਅੰਤਿਮ ਟੀਚਾ ..... ਨੂੰ ਦੱਸਿਆ।

24. ਲੰਗਰ ਦੀ ਪ੍ਰਥਾ ਗੁਰੂ ..... ਜੀ ਦੇ ਸਮੇਂ ਆਰੰਭ ਹੋਈ।

25. ਸਿੱਖ ਰਹਿਤ ਮਰਿਯਾਦਾ ਦਾ ਮੂਲ ਸੋਮਾ ..... ਹੈ।

26. ਸਿੰਧੂ ਘਾਟੀ ਦੇ ਲੋਕ ਮ੍ਰਿਤਕ ਦੇਹ ਦੀਆਂ ਹੱਡੀਆਂ ਚੌਂ ਸੁਆਹ ਬਰਤਨ ਵਿੱਚ ਪਾ ਕੇ ..... ਵਿੱਚ ਦਬਾਉਂਦੇ ਸਨ।

27. ਮੁੱਢਲੇ ਆਰੀਆ ਦੇ ਸਮੇਂ ਪਾਠ-ਪੂਜਾ ਲਈ ..... ਨਹੀਂ ਹੁੰਦੇ ਸਨ।

28. ਮਹਾਤਮਾ ਬੁੱਧ ਦੇ ਪੁੱਤਰ ਦਾ ਨਾਂ ..... ਰੱਖਿਆ ਗਿਆ।

29. ਗੁਰੂ ਅੰਗਦ ਦੇਵ ਜੀ ਦਾ ਮੁੱਢਲਾ ਨਾਂ ..... ਸੀ।

30. ਰਿਗਵੇਦ ਦੇ ਦਸਵੇਂ ਮੰਡਲ ਵਿੱਚ ..... ਸੂਕ੍ਤ ਸ਼ਾਮਿਲ ਹੈ।

31. ਉਪਨਿਸ਼ਦਾਂ ਵਿੱਚ ..... ਅਤੇ ਆਤਮਾ ਦੀ ਏਕਤਾ ਬਾਰੇ ਵਿਚਾਰ ਮਿਲਦੇ ਹਨ।

32. ਆਦਿ ਗ੍ਰੰਥ ਵਿੱਚ ..... ਭੱਟਾਂ ਦੀ ਬਾਣੀ ਦਰਜ ਹੈ।

33. ਜੈਨਮਤ ਅਨੁਸਾਰ ਗੁਣ ਵਰਤਾਂ ਦੀ ਗਿਣਤੀ ..... ਹੈ।

34. ਮੂਲਮੰਤਰ ਵਿੱਚ ਵਿਆਕਰਨ ਦਾ ..... ਰੂਪ ਵਧੇਰੇ ਮਿਲਦਾ ਹੈ।

35. ਸਿੰਧੂ ਘਾਟੀ ਦੇ ਲੋਕ ..... ਦੇਵੀ ਦੀ ਪੂਜਾ ਕਰਦੇ ਸਨ।

36. ਆਰੀਆ ਲੋਕ ਦੇਵਤਿਆਂ ਦੀ ਪੂਜਾ ..... ਰਾਹੀਂ ਕਰਦੇ ਸਨ।

37. ਸਿਧਾਰਥ ਦੀ ਪਤਨੀ ਦਾ ਨਾਂ ..... ਸੀ।

38. ਗੁਰੂ ਅਮਰਦਾਸ ਜੀ ਨੇ ..... ਪ੍ਰਥਾ ਦੀ ਨਿਖੇਧੀ ਕੀਤੀ।

39. ਵੇਦ ਦਾ ਅਰਥ ਹੈ ..... ਹੋਈ।

40. ਐਤਰੇਯ ਉਪਨਿਸ਼ਦ ਵਿੱਚ ..... ਦੀ ਵਿਰਾਟ ਕਲਪਨਾ ਦਾ ਉਲੇਖ ਹੈ।

41. ਆਦਿ ਗ੍ਰੰਥ ਨੂੰ ਲਿਖਣ ਦੀ ਸੇਵਾ ..... ਜੀ ਨੇ ਸੰਭਾਲੀ।

42. ਜੈਨਮਤ ਵਾਲੇ .....ਅਵਤਾਰਵਾਦ ਵਿੱਚ ਵਿਸ਼ਵਾਸ਼ ਕਰਦੇ ਹਨ।

43. ਸਿੱਖ ਸੰਗਤ ਦਾ ਨੀਂਹ ਗੁਰੂ ..... ਜੀ ਨੇ ਰੱਖੀ।

44. ਸਿੰਧੂ ਘਾਟੀ ਦੀ ਸਭਿਅਤਾ ਅਤੇ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ..... ਦਿੱਤੀ ਜਾਂਦੀ ਸੀ।

45. ਆਰੀਆ ਲੋਕ ਦੇਵਤਿਆਂ ਦੀ ਪੂਜਾ ਤੋਂ ਇਲਾਵਾ ..... ਦੀ ਪੂਜਾ ਕਰਦੇ ਸਨ।

46. ਬੁੱਧ ਧਰਮ ਦੀ ਚੌਥੀ ਮਹਾ ਸਭਾ ..... ਨੇ ਸਦਵਾਈ।

47. ਗੁਰੂ ਹਰਗੋਬਿੰਦ ਸਾਹਿਬ ਜੀ ਦੀ ਨਵੀਂ ਨੀਤੀ ਨੂੰ ..... ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

48. ਚਾਰ ਆਸ਼ਰਮਾਂ ਦਾ ਉਲੇਖ ..... ਨਾਂ ਦੀ ਸਿਮ੍ਰਿਤੀ ਵਿੱਚ ਮਿਲਦਾ ਹੈ।

49. ਕੀਰਤਨ ਸੋਹਿਲਾ ਦੀ ਰਚਨਾ ..... ਨੇ ਕੀਤੀ।

50. ਜੈਨਮਤ ਅਨੁਸਾਰ ਆਤਮਾ ਨੂੰ ਕਰਮਾਂ ਦੇ ਬੰਧਨ ਤੋਂ ਛੁਟਕਾਰੇ ਦਾ ਨਾਂ ਹੈ .....।

51. ਗੁਰੂ ਨਾਨਕ ਦੇਵ ਜੀ ਦੀ ਜੀਵਨ ਜਾਚ ਵਿੱਚ ਸਮਾਜਕ ਹਿੱਤ ਲਈ ..... ਦੀ ਸਿੱਖਿਆ ਮਿਲਦੀ ਹੈ।

52. ਗੁਰੂ ਅੰਗਦ ਦੇਵ ਜੀ ਦੇ ..... ਸਲੋਕ ਆਦਿ ਗ੍ਰੰਥ ਵਿੱਚ ਦਰਜ ਹਨ।

53. ਸਿੰਧੂ ਘਾਟੀ ਦੀ 'ਮਾਤ-ਦੇਵੀ' ਦੇ ਚਿੱਤਰ ਤਾਮਰ ਪਤਰਾਂ ..... ਅਤੇ ਤਾਵੀਜਾਂ ਤੋਂ ਪ੍ਰਾਪਤ ਹੋਏ ਹਨ।

54. ਸਿਧਾਰਥ ਨੂੰ ਗਿਆਨ ਦੀ ਪ੍ਰਾਪਤੀ ..... ਵਿਖੇ ਹੋਈ।

55. ਸੂਫ਼ੀਆਂ ਦੇ ..... ਫਿਰਕੇ ਨੇ ਗੁਰੂ ਅਰਜਨ ਦੇਵ ਜੀ ਦੀ ਵਿਰੋਧਤਾ ਕੀਤੀ।

56. ਵੇਦਾਂ ਦੀ ਕੁੱਲ ਗਿਣਤੀ ..... ਹੈ।

57. ..... ਨੂੰ ਸਭ ਤੋਂ ਵੱਡਾ ਪੁਰਾਣ ਹੋਣ ਦਾ ਮਾਣ ਪ੍ਰਾਪਤ ਹੈ।

58. ਜਪੁਜੀ ਵ ਆਦਿ ਗ੍ਰੰਥ ਵਿੱਚ ..... ਦਾ ਸਥਾਨ ਹੈ।

59. ਮਹਾਤਮਾ ਬੁੱਧ ਨੇ ਦੂਜੇ ਆਰੀਆ ਸੱਤ ..... ਨੂੰ ਕਿਹਾ ਹੈ।

60. ਕੁਰਹਿਤਾਂ ਦਾ ਉਲੇਖ ..... ਵਿੱਚ ਮਿਲਦਾ ਹੈ।

61. ਸਿੰਧੂ ਘਾਟੀ ਦੇ ਲੋਕ ..... ਬਿਰਛ ਦੀ ਪੂਜਾ ਕਰਦੇ ਸਨ।

62. 'ਸੂਰਜ' ਦੇਵਤਾ ਨੂੰ ਅਦਿੱਤੀ ਅਤੇ ..... ਦਾ ਪੁੱਤਰ ਸਮਝਿਆ ਜਾਂਦਾ ਸੀ।

63. ਬੁੱਧ ਧਰਮ ਦੀ ਦੂਜੀ ਸਭਾ ..... ਨਾਂ ਦੇ ਸਥਾਨ ਤੇ ਹੋਈ।

64. ਗੁਰੂ ਹਰਰਾਇ ਜੀ ਦੇ ਪਿਤਾ ਜੀ ਦਾ ਨਾਂ ..... ਸੀ।

65. ਯਜੁਰਵੇਦ ..... ਵੇਦ ਹੈ।

66. ਆਦਿ ਗ੍ਰੰਥ ਦਾ ਸੰਕਲਨ 1601 ਤੋਂ ..... ਤੱਕ ਹੋਇਆ।

67. ਬੁੱਧ ਧਰਮ ਦੇ ਸੰਘ ਵਰਗੀ ਸੰਸਥਾ, ਸਿੱਖ ਧਰਮ ਵਿੱਚ ..... ਹੈ।

68. ਸਿੰਧੂ ਘਾਟੀ ਦੇ ਲੋਕ ਮੁਰਦੇ ਦਾ ਸਿਰ ..... ਵੱਲ ਰੱਖਦੇ ਸਨ।

69. ਸਵਿਤਾ ਨੂੰ ..... ਦਾ ਦੇਵਤਾ ਮੰਨਿਆ ਜਾਂਦਾ ਸੀ।

ਠੀਕ/ਗਲਤ ਲਿਖੋ :-

71. ਸਪਤਰਿਸ਼ੀ ਵਿੱਚ ਸ਼ਾਮਿਲ ਹਨ। (ਪੰਜ ਗਿਆਨ ਇੰਦਰੀਆਂ, ਮਨ ਅਤੇ ਬੁੱਧ) (ਠੀਕ/ਗਲਤ)

72. ਹੜੱਪਾ ਕਾਲ ਵਿੱਚ ਲੋਕ ਮੁਰਦੇ ਨੂੰ ਸਾੜਦੇ ਨਹੀਂ ਸਨ। (ਠੀਕ/ਗਲਤ)

73. 'ਸੱਚਾ ਰਾਹ' ਬੁੱਧਮਤ ਦੇ ਅਸ਼ਟ ਮਾਰਗ ਵਿੱਚ ਸ਼ਾਮਿਲ ਹੈ। (ਠੀਕ/ਗਲਤ)

74. ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ ਕਿਲਾ ਉਸਾਰਿਆ। (ਠੀਕ/ਗਲਤ)

75. ਵੇਦਾਂ ਵਿੱਚ ਅਗਨੀ, ਜਲ, ਆਕਾਸ਼ ਆਦਿ ਨੂੰ ਸਬੰਧਿਤ ਭਜਨ ਮਿਲਦੇ ਹਨ। (ਠੀਕ/ਗਲਤ)

76. ਪੁਰਾਣਾ ਦੀ ਕੁੱਲ ਗਿਣਤੀ 18 ਦੱਸੀ ਜਾਂਦੀ ਹੈ। (ਠੀਕ/ਗਲਤ)

77. 'ਕਲਸਹਾਰ' ਆਦਿ ਗ੍ਰੰਥ ਦੇ ਭੱਟਾਂ ਵਿੱਚੋਂ ਇੱਕ ਹੈ। (ਠੀਕ/ਗਲਤ)

78. ਜੈਨਮਤ ਅਨੁਸਾਰ ਮੱਛਰ, ਬਿੱਛੂ, ਤਿਤਲੀਆਂ ਇੰਦਰੀ ਜੀਵਾਂ ਵਿੱਚ ਆਉਂਦੇ ਹਨ।
(ਠੀਕ/ਗਲਤ)

79. ਅਕਾਲ ਤਖਤ ਦੀ ਉਸਾਰੀ ਗੁਰੂ ਹਰਗੋਬਿੰਦ ਸਾਹਿਬ ਨੇ ਕਰਵਾਈ। (ਠੀਕ/ਗਲਤ)

80. ਹਿਮਾਂਚੂ ਨੇ ਗੁਰੂ ਅਮਰਦਾਸ ਜੀ ਦੇ ਲੰਗਰ ਵਿੱਚ ਹਾਜ਼ਰੀ ਲਗਵਾਈ। (ਠੀਕ/ਗਲਤ)

81. ਸਿੰਧੂ ਘਾਟੀ ਦੇ ਖੇਤਰਾਂ ਵਿੱਚ ਕੋਈ ਮੰਦਰ ਨਹੀਂ ਮਿਲਦਾ। (ਠੀਕ/ਗਲਤ)

82. ਮੁੱਢਲੇ ਆਰੀਆ ਪੁਨਰ ਜਨਮ ਵਿੱਚ ਵਿਸਵਾਸ਼ ਰੱਖਦੇ ਸਨ। (ਠੀਕ/ਗਲਤ)

83. ਮਹਾਤਮਾ ਬੁੱਧ ਨੇ ਆਪਦੇ ਉਪਦੇਸ਼ਾਂ ਦੇ ਪ੍ਰਚਾਰ ਲਈ ਲਗਪਗ 80 ਸਾਲ ਲਾਏ। (ਠੀਕ/ਗਲਤ)

84. ਗੁਰੂ ਅੰਗਦ ਦੇਵ ਜੀ ਦਾ ਵਿਆਹ ਬੀਬੀ ਖੀਵੀ ਜੀ ਨਾਲ ਹੋਇਆ। (ਠੀਕ/ਗਲਤ)

85. ਰਿਗਵੇਦ ਵਿੱਚ 1028 ਭਜਨ ਮੌਜੂਦ ਹਨ। (ਠੀਕ/ਗਲਤ)

86. ਨਾਰਦ ਪੁਰਾਣ ਵਿੱਚ ਲਗਪਗ 25 ਹਜ਼ਾਰ ਸਲੋਕ ਹਨ। (ਠੀਕ/ਗਲਤ)

87. ਆਦਿ ਗ੍ਰੰਥ ਵਿੱਚ ਛੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ। (ਠੀਕ/ਗਲਤ)

88. ਜੈਨ ਧਰਮ ਵਿੱਚ ਅੱਠ ਪ੍ਰਕਾਰ ਦੇ ਅਲੰਕਾਰ ਦਾ ਜ਼ਿਕਰ ਹੈ। (ਠੀਕ/ਗਲਤ)

89. ਗੁਰਬਾਣੀ ਵਿੱਚ 'ਹਉਮੈ' ਨੂੰ ਦੀਰਘ ਰੋਗ ਆਖਿਆ ਗਿਆ ਹੈ। (ਠੀਕ/ਗਲਤ)

90. ਪੂਰਨ ਸਮਾਧੀ ਕਰਨ ਸਮੇਂ ਮ੍ਰਿਤਕ ਸਰੀਰ ਨੂੰ ਭੂਮੀ ਵਿੱਚ ਗੱਡ ਕੇ ਉਸ ਦੀ ਪੂਰੀ ਸਮਾਧੀ ਬਣਾ ਦਿੱਤੀ ਜਾਂਦੀ ਸੀ। (ਠੀਕ/ਗਲਤ)

91. ਕਲਿੰਗਾ ਦੀ ਜਿੱਤ ਪਿੱਛੋਂ ਅਸ਼ੋਕ ਬੁੱਧ ਧਰਮ ਦਾ ਪੈਰੋਕਾਰ ਬਣ ਗਿਆ। (ਠੀਕ/ਗਲਤ)

92. ਗੁਰੂ ਰਾਮਦਾਸ ਜੀ ਦਾ ਜਨਮ ਚੂਨਾ ਮੰਡੀ (ਲਾਹੌਰ) ਵਿਖੇ ਹੋਇਆ। (ਠੀਕ/ਗਲਤ)

93. ਵਾਯੂਪੁਰਾਣ ਵਿੱਚ ਸ਼ਿਵ ਜੀ ਦੀ ਮਹਿਮਾ ਸਬੰਧੀ ਕਥਾਵਾਂ ਹਨ। (ਠੀਕ/ਗਲਤ)

94. ਉਪਨਿਸ਼ਦਾਂ ਵਿੱਚ ਸ੍ਰਿਸਟੀ ਸਬੰਧੀ ਅਨੇਕਾਂ ਵਰਣਨ ਮਿਲਦੇ ਹਨ। (ਠੀਕ/ਗਲਤ)

95. ਆਦਿ ਗ੍ਰੰਥ ਦੀ ਸੰਪਾਦਨਾ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ। (ਠੀਕ/ਗਲਤ)

96. ਬੁੱਧਮਤ ਦੀ ਤੀਜੀ ਸੱਚਾਈ ਹੈ 'ਦੁੱਖਾਂ ਦੀ ਨਵਿਰਤੀ ਹੈ'। (ਠੀਕ/ਗਲਤ)

97. ਜੈਨ ਗ੍ਰੰਥਾਂ ਅਨੁਸਾਰ ਕਈ ਰਾਜੇ ਅਹਿੰਸਾ ਅਣੁ ਵਰਤ ਦੀ ਪਾਲਣਾ ਕਰਦੇ ਹੋਏ ਦੋਸ਼ੀਆਂ ਨੂੰ ਦੰਡ ਦਿੰਦੇ ਰਹੇ। (ਠੀਕ/ਗਲਤ)

98. ਸਿੱਖ ਧਰਮ ਅਨੁਸਾਰ ਕੁਰਹਿਤਾਂ ਕਰਨ ਵਾਲੇ ਨੂੰ ਤਨਖਾਹ ਲਾਈ ਜਾਂਦੀ ਹੈ। (ਠੀਕ/ਗਲਤ)

99. ਆਦਿ ਗ੍ਰੰਥ ਦੀ ਬਾਣੀ 31 ਰਾਗਾਂ ਵਿੱਚ ਸੰਕਲਿਤ ਹੈ। (ਠੀਕ/ਗਲਤ)

100. ਸਿੰਧੂ ਘਾਟੀ ਸਭਿਅਤਾ ਸਮੇਂ ਦੀ ਮਾਤ ਦੇਵੀ ਦੀਆਂ ਮੂਰਤੀਆਂ ਬਲੋਚਸਤਾਨ ਦੀ ਝੋਬ ਘਾਟੀ ਤੋਂ ਮਿਲੀਆ। (ਠੀਕ/ਗਲਤ)

101. ਹੀਨਯਾਨ ਫਿਰਕਾ ਨਿੱਜੀ ਮੋਕਸ਼ ਦੀ ਚਿੰਤਾ ਤੇ ਜ਼ੋਰ ਦਿੰਦਾ ਹੈ। (ਠੀਕ/ਗਲਤ)

102. ਬਾਬਾ ਬਿਧੀਚੰਦ ਜੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਸਨ। (ਠੀਕ/ਗਲਤ)

103. ਯਜੁਰਵੇਦ ਦੇ ਦੋ ਪ੍ਰਮੁੱਖ ਰੂਪ ਮਿਲਦੇ ਹਨ- ਸ਼ੁਕਲ ਯਜੁਰਵੇਦ ਅਤੇ ਕ੍ਰਿਸ਼ਨ ਯਜੁਰਵੇਦ)।

(ਠੀਕ/ਗਲਤ)

104. 'ਕੂਰਮਪੁਰਾਣ' ਵਿੱਚ ਵਿਸ਼ਨੂੰ ਦੇ ਕੁਰਮ ਅਵਤਾਰ ਦਾ ਵਰਣਨ ਹੈ। (ਠੀਕ/ਗਲਤ)

105. ਆਦਿ ਗ੍ਰੰਥ ਵਿਚਲੇ ਸ਼ਬਦ 'ਮਹਲਾ' ਤੋਂ ਭਾਵ ਹੈ ਗੁਰੂ (ਮਹਿਲਾ ਰੂਪ ਵਿੱਚ) (ਠੀਕ/ਗਲਤ)

106. ਬੁੱਧ ਧਰਮ ਦੇ ਨਿਰਮਾਣ ਦੇ ਦੋ ਪਹਿਲੂ ਸਕਾਰਾਤਮਕ ਅਤੇ ਨਕਾਰਾਤਮਕ ਹਨ। (ਠੀਕ/ਗਲਤ)

107. ਜੈਨਮਤ ਵਿੱਚ ਆਤਮਾ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਗਿਆ। (ਠੀਕ/ਗਲਤ)

108. ਸਿੱਖ ਧਰਮ ਅਨੁਸਾਰ ਮਰਨ ਵਾਲੇ ਪ੍ਰਾਣੀ ਨੂੰ ਧਰਤੀ ਤੇ ਨਹੀਂ ਲਿਟਾਣਾ ਚਾਹੀਦਾ। (ਠੀਕ/ਗਲਤ)

109. ਸੰਗਤ ਦੀ ਸੰਸਥਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਕੀਤਾ। (ਠੀਕ/ਗਲਤ)

110. ਸਿੰਧੂ ਘਾਟੀ ਦੇ ਲੋਕ ਕਿੱਕਰ ਦੇ ਰੁੱਖ ਦੀ ਪੂਜਾ ਕਰਦੇ ਸਨ। (ਠੀਕ/ਗਲਤ)

111. 'ਤ੍ਰਿਪਟਕ' ਜੈਨ ਧਰਮ ਦਾ ਗ੍ਰੰਥ ਹੈ। (ਠੀਕ/ਗਲਤ)

112. ਖਾਲਸਾ ਪੰਥ ਦੀ ਸਥਾਪਨਾ 1966 ਵਿੱਚ ਕੀਤੀ ਗਈ। (ਠੀਕ/ਗਲਤ)

113. ਸਾਮਵੇਦ ਦੇ ਮੰਤਰਾਂ ਨੂੰ ਗਾਇਆ ਜਾ ਸਕਦਾ ਹੈ। (ਠੀਕ/ਗਲਤ)

114. ਹਿੰਦੂ ਪਰਿਵਾਰਾਂ ਵਿੱਚ ਵਿਅਕਤੀ ਦੀ ਮੌਤ ਤੇ ਵਾਮਨ ਪੁਰਾਣ ਦੀ ਕਥਾ ਕੀਤੀ ਜਾਂਦੀ ਹੈ।

(ਠੀਕ/ਗਲਤ)

115. 'ਪੁਦਗਲ' ਦੀ ਮੈਲ ਨੂੰ ਖਤਮ ਕਰਨਾ ਨਿਰਜਰਾ ਹੈ। (ਠੀਕ/ਗਲਤ)

116. ਸਿੱਖ ਜੀਵਨ ਜਾਚ ਅਨੁਸਾਰ ਸ੍ਰਿਸਟੀ ਦਾ ਪ੍ਰਬੰਧ ਪਰਮਾਤਮਾ ਦੇ ਹੁਕਮ ਨਾਲ ਚਲ ਰਿਹਾ ਹੈ।

(ਠੀਕ/ਗਲਤ)

(6)

117. ਸਾਧ ਸੰਗਤ ਵਿੱਚ ਇੱਕ ਪ੍ਰਭੂ ਦੇ ਨਾਮ ਦੀ ਚਰਚਾ ਹੁੰਦੀ ਹੈ। (ਠੀਕ/ਗਲਤ)

118. ਮੁੱਢਲੇ ਆਰੀਆ ਪਿਤਰਾਂ ਦੀ ਪੂਜਾ ਵਿੱਚ ਵਿਸ਼ਵਾਸ ਨਹੀਂ ਰੱਖਦੇ ਸਨ। (ਠੀਕ/ਗਲਤ)

119. ਭਗਤੀ ਯੋਗ ਦੀ ਧਾਰਨਾ ਸ੍ਰੀਮਦ ਭਗਵਦ ਗੀਤਾ ਵਿੱਚ ਮਿਲਦਾ ਹੈ। (ਠੀਕ/ਗਲਤ)

120. ਆਦਿ ਗ੍ਰੰਥ ਵਿੱਚ ਦੋ ਬਾਰਾ ਮਾਹੇ ਦਰਜ ਹਨ। (ਠੀਕ/ਗਲਤ)

121. ਸਿੰਧੂ ਘਾਟੀ ਸਭਿਅਤਾ ਦੇ ਲੋਕ ਜਾਨਵਰਾਂ ਦੀ ਪੂਜਾ ਕਰਦੇ ਸਨ। (ਠੀਕ/ਗਲਤ)

122. 'ਵਰੁਣ ਦੇਵਤਾ' ਬਾਰੇ ਰਿਗਵੇਦ ਵਿੱਚ ਸੌ ਤੋਂ ਵੱਧ ਸੂਕਤ ਹਨ। (ਠੀਕ/ਗਲਤ)

123. ਮਹਾਤਮਾ ਬੁੱਧ ਨੂੰ ਨਿਰੰਜਨਾ ਨਦੀ ਦੇ ਕੰਢੇ ਉੱਤੇ ਸਤਿ ਦੀ ਪ੍ਰਾਪਤ ਹੋਈ। (ਠੀਕ/ਗਲਤ)

124. 'ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ' ਪੰਕਤੀ ਵਿੱਚ ਰਾਜਿਆਂ ਦੀ ਪ੍ਰਸੰਸਾ ਕੀਤੀ ਗਈ ਹੈ। (ਠੀਕ/ਗਲਤ)

125. 'ਮੀਰੀ ਪੀਰੀ ਦਾ ਸਿਧਾਂਤ' ਗੁਰੂ ਹਰਗੋਬਿੰਦ ਸਾਹਿਬ ਜੀ ਦੀ ਦੇਣ ਹੈ। (ਠੀਕ/ਗਲਤ)

126. ਅਚਾਰੀਆ ਸ਼ੰਕਰ ਨੇ ਗਿਆਰਾਂ ਉਪਨਿਸ਼ਦਾ ਤੇ ਭਾਸ਼ ਲਿਖੇ। (ਠੀਕ/ਗਲਤ)

127. ਗੁਰੂ ਤੇਗ ਬਹਾਦਰ ਜੀ ਦੀ ਬਾਣੀ ਰਾਗ ਜੈਜਾਵੰਤੀ ਵਿੱਚ ਸੰਕਲਿਤ ਹੈ। (ਠੀਕ/ਗਲਤ)

128. ਜੈਨਮਤ ਦੇ ਅਪਰਿਗ੍ਰਹਿ ਦਾ ਭਾਵ ਹੈ ਜੰਗਲ ਛਡਣਾ। (ਠੀਕ/ਗਲਤ)

129. ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਸਿੱਖ ਰਹਿਤ ਮਰਯਾਦਾ ਦਾ ਮੂਲ ਸ੍ਰੋਤ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿੱਤ ਸਵੱਈਏ ਹਨ। (ਠੀਕ/ਗਲਤ)

130 ਆਖਰੀ ਵੇਰ ਦਾ ਨਾਂ ਸਾਮਵੇਦ ਹੈ। (ਠੀਕ/ਗਲਤ)

ਬਹੁ-ਵਿਕਲਪੀ ਪ੍ਰਸ਼ਨ :-

131. ਜਲ ਦੀ ਪਵਿੱਤਰਤਾ ਮਹਿੰਜਦੜੋ ਤੋਂ ਮਿਲੀ ਕਿਸ ਚੀਜ਼ ਤੋਂ ਪਤਾ ਲੱਗੀ ?

(ੳ) ਨਦੀ (ਅ) ਖੂਹ (ੲ) ਵਿਸ਼ਾਲ ਇਸ਼ਨਾਨ ਘਰ (ਸ) ਬਾਉਲੀ

132. ਬੋਧ ਸੰਘ ਦੇ ਨਿਯਮਾਂ ਨੂੰ ਕਿਹੜੇ ਗ੍ਰੰਥ ਵਿੱਚ ਸੰਗ੍ਰਹਿਤ ਕੀਤਾ ਗਿਆ ?

(ੳ) ਵਿਨੈਮਿਟਕ (ਅ) ਵਿਜੈਪਟਕ (ੲ) (ਸ) ਬੁੱਧ-ਸ਼ਾਸਤਰ

133. ਗੁਰੂ ਨਾਨਕ ਦੇਵ ਜੀ ਕਿਹੜੀ ਉਦਾਸੀ ਸਮੇਂ ਸਯੱਦਪੁਰ, ਕੁਰਕਸ਼ੇਤਰ, ਪਾਣੀਪੱਤ ਅਤੇ ਦਿੱਲੀ ਗਏ ?

(ੳ) ਦੂਜੀ (ਅ) ਤੀਜੀ (ੲ) ਪਹਿਲੀ (ਸ) ਚੌਥੀ

134. ਆਦਿ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਜਿਸ ਸਥਾਨ ਵਿਖੇ ਹੋਇਆ।

(ੳ) ਤਰਨਤਾਰਨ (ਅ) ਸ੍ਰੀ ਅਨੰਦਪੁਰ ਸਾਹਿਬ (ੲ) ਰਾਮਸਰ (ਅੰਮ੍ਰਿਤਸਰ)

(ਸ) ਕਰਤਾਰਪੁਰ

135. ਭਗਵਤ ਪੁਰਾਣ ਮੁੱਖ ਤੌਰ ਤੇ ਕਿਹੜੇ ਦੇਵਤੇ ਨਾਲ ਸਬੰਧਿਤ ਹੈ ?

(ੳ) ਸ਼ਿਵਜੀ (ਅ) ਇੰਦਰ (ੲ) ਵਿਸ਼ਨੂੰ (ਸ) ਵਰੁਣ

136. ਆਦਿ ਗ੍ਰੰਥ ਵਿੱਚ ਇਨ੍ਹਾਂ ਚੋਂ ਕਿਹੜੇ ਭਗਤ ਦੀ ਬਾਣੀ ਸ਼ਾਮਿਲ ਨਹੀਂ ਹੈ ?

(ੳ) ਭਗਤ ਜੈ ਦੇਵ (ਅ) ਭਗਤ ਪੀਪਾ (ੲ) ਭਗਤ ਚਰਨ ਦਾਸ

(ਸ) ਭਗਤ ਸੈਨ

137. ਬੁੱਧ ਧਰਮ ਦੇ ਨਿਰਵਾਣ ਸ਼ਬਦ ਦਾ ਅਰਥ ਹੈ :-

(ੳ) ਸਾਂਝੀ (ਅ) ਆਨੰਦ (ੲ) ਮੁਕਤੀ (ਸ) ਇਹ ਸਾਰੇ

138. ਸਿੱਖ ਧਰਮ ਦੇ ਕਿਹੜੇ ਸਿਧਾਂਤ ਵੱਲ ਸੰਕੇਤ ਕਰਦਾ ਹੈ ?

(ੳ) (ਅ) ਸਾਧ ਸੰਗਤ (ੲ) ਕਿਰਤ ਕਰਨੀ (ਸ) ਵੰਡ ਛਕਣਾ

139. ਜੈਨਮਤ ਅਨੁਸਾਰ ਇਨ੍ਹਾਂ ਚੋਂ ਕਿਹੜੀ ਗਿਆਨ ਦੀ ਕਿਸਮ ਹੈ ?

(ੳ) ਸੱਚਾ ਗਿਆਨ (ਅ) ਅਵਧੀ ਗਿਆਨ (ੲ) ਮਤੀ ਗਿਆਨ

(ਸ) ਇਹ ਸਾਰੇ ਹੀ

140. ਸਿੰਧੂ ਘਾਟੀ ਸਭਿਅਤਾ ਚੋਂ ਮਿਲੀ ਪੁਰਸ਼ ਆਕ੍ਰਿਤੀ ਕਿੰਨੇ ਮੁਖੀ ਹੈ ?

(ੳ) ਦੋ (ਅ) ਚਾਰ (ੲ) ਪੰਜ (ਸ) ਤਿੰਨ

141. ਮਹਾਤਮਾ ਬੁੱਧ ਦੇ ਪਿਤਾ ਦਾ ਨਾਮ ਸੀ।

(ੳ) ਸੁਧੋਧਨ (ਅ) ਮਹਾਮਾਯਾ (ੲ) ਰਾਹੁਲ (ਸ) ਬੁੱਧ ਘੋਸ਼

(6)

142. ਸਿੱਖ ਧਰਮ ਦੇ ਪ੍ਰਚਾਰ ਲਈ ਕਿਹੜੇ ਗੁਰੂ ਜੀ ਨੇ ਮੰਜੀ ਪ੍ਰਥਾ ਚਾਲੂ ਕੀਤੀ ?

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅਮਰਦਾਸ ਜੀ (ੲ) ਗੁਰੂ ਅਰਜਨ ਦੇਵ ਜੀ
(ਸ) ਗੁਰੂ ਰਾਮਦਾਸ ਜੀ।

143. ਧਰਮ ਸੂਤਰ ਸਾਹਿਤ ਵਿੱਚ ਕਿਹੜਾ ਸ਼ਾਮਿਲ ਹੈ ?

(ੳ) ਸ੍ਰੌਤ ਸੂਤਰ (ਅ) ਗ੍ਰਾਮ ਸੂਤਰ (ੲ) ਸੁਲਭ ਸੂਤਰ (ਸ) ਇਹ ਸਾਰੇ ਹੀ।

144. ਆਦਿ ਗ੍ਰੰਥ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਕਿੰਨੇ ਰਾਗਾਂ ਵਿੱਚ ਸੰਕਲਿਤ ਹੈ ?

(ੳ) 19 (ਅ) 21 (ੲ) 17 (ਸ) 26

145. ਬੁੱਧ ਧਰਮ ਦੇ ਚਾਰ ਆਰੀਆ ਸੱਚ ਵਿੱਚ ਤੀਜਾ ਹੈ :-

(ੳ) ਸੰਸਾਰ ਵਿੱਚ ਦੁੱਖ ਹੈ (ਅ) ਦੁੱਖ ਦੂਰ ਹੋ ਸਕਦਾ ਹੈ
(ੲ) ਦੁੱਖ ਦਾ ਕਾਰਨ ਹੈ। (ਸ) ਦੁੱਖਾਂ ਦੇ ਅੰਤ ਦਾ ਇਕਰਾਰਨਾਮਾ ਹੈ।

146. ਭਗਵਾਨ ਮਹਾਂਬੀਰ ਦਾ ਜਨਮ ਕਿੱਥੇ ਹੋਇਆ ?

(ੳ) ਸੀਤਾਪੁਰ (ਅ) ਕਾਸ਼ੀ ਜੀ (ੲ) ਵੈਸ਼ਾਲੀ (ਸ) ਤੇ/ਵੇਦਰਨ

147. ਜੈਨ ਧਰਮ ਦੇ ਤਿੰਨ ਰਤਨਾਂ ਵਿੱਚ ਸ਼ਾਮਿਲ ਹੈ :-

(ੳ) ਸੱਚਾ ਵਿਸ਼ਵਾਸ (ਅ) ਸੱਚਾ ਗਿਆਨ (ੲ) ਸੱਚਾ ਆਚਰਣ

(ਸ) ਇਹ ਸਾਰੇ ਹੀ।

148. ਸਿੱਖ ਮ੍ਰਿਤਕ ਸੰਸਕਾਰ ਵਿੱਚ ਮਨਾਹੀ ਨਹੀਂ ਹੈ।

(ੳ) ਰੋਣਾ, ਪਿੱਟਣਾ (ਅ) ਕੀਰਨੇ ਪਾਉਣੇ ਅਤੇ ਪਿੱਟ ਸਿਆਪਾ

(ੲ) ਸਤਿਨਾਮ ਵਾਹਿਗੁਰੂ ਦਾ ਜਾਪ (ਸ) ਪਿੰਡ ਛਵਾਉਂਦੇ।

149. ਸਿੱਖ ਧਰਮ ਅਨੁਸਾਰ ਸੇਵਾ ਕਿੰਨੀ ਪ੍ਰਕਾਰ ਦੀ ਹੈ ?

(ੳ) ਦੋ (ਅ) ਤਿੰਨ (ੲ) ਚਾਰ (ਸ) ਪੰਜ

150. ਸਿੰਧੂ ਘਾਟੀ ਸਭਿਅਤਾ ਦੇ ਲੋਕ ਕਿਸ ਜਾਨਵਰ ਦੀ ਪੂਜਾ ਕਰਦੇ ਸਨ ?

(ੳ) ਗੈਂਡਾ (ਅ) ਹਾਥੀ (ੲ) ਸਾਨ੍ਹ (ਸ) ਇਹ ਸਾਰੇ ਹੀ।

151. ਬੁੱਧ ਧਰਮ ਦੇ ਪ੍ਰਸਾਰ ਸਮੇਂ ਚੀਨ ਵਿੱਚ ਕਿਹੜੇ ਮਤਾਂ ਦਾ ਜ਼ੋਰ ਸੀ।

(ੳ) ਕਨਫਿਊਸੀਆਵਾਦ (ਅ) ਤਾਓਵਾਦ (ੲ) ਮਾਓਵਾਦ

(ਸ) ੳ ਅਤੇ ਅ ਦੋਵੇਂ।

152. ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ ਸ਼ਾਮਿਲ ਹੈ :-

(ੳ) ਪਹਿਰੇ (ਅ) ਛੰਤ (ੲ) ਕਰਹਲੇ (ਸ) ਵਾਰਾਂ ਤੇ ਬਾਕੀ ਸਾਰੇ।

153. ਰਿਗਵੇਦ ਵਿੱਚ ਇਨ੍ਹਾਂ ਚੋ ਕਿਹੜਾ ਅਧਿਆਨ ਸ਼ਾਮਿਲ ਹੈ ?

(ੳ) ਪੁਰੂਰਵਾਂ-ਉਰਵਸ਼ੀ (ਅ) ਯਮ ਯਮੀ ਸੰਵਾਦ (ੲ) ਸਰਮਾ ਪਾਣੀ ਸੰਵਾਦ

(ਸ) ਇਹ ਸਾਰੇ ਹੀ।

154. ਵਿਸ਼ਨੂੰ ਸਮ੍ਰਿਤੀ ਦੇ ਛੋਟੇ-ਵੱਡੇ ਅਧਿਆਵਾਂ ਦੀ ਗਿਣਤੀ ਹੈ।

(ੳ) 1●● (ਅ) 6● (ੲ) 2●● (ਸ) 151.

155. ਆਦਿ ਗ੍ਰੰਥ ਵਿੱਚ ਕੁੱਲ ਕਿੰਨੇ ਮਹਾਂਪੁਰਖਾਂ ਦੀ ਬਾਣੀ ਸੰਕਲਿਤ ਹੈ ?

(ੳ) 31 (ਅ) 33 (ੲ) 32 (ਸ) 28.

156. ਬੁੱਧ ਮਤ ਦੀ ਸਹੀ ਸ੍ਰਿਸਟੀ ਤੋਂ ਭਾਵ :-

(ੳ) ਠੀਕ ਯਾਦ (ਅ) ਸਹੀ ਮਨੋਭਾਵਨਾ (ੲ) ਸਹੀ ਸੂਝ ਨਾ

(ਸ) ਸਹੀ ਰਾਹ

157. ਭਗਵਾਨ ਮਹਾਂਬੀਰ ਦਾ ਦੇਹਾਂਤ ਹੋਇਆ :-

(ੳ) ਪਾਵਾਪੁਰੀ (ਅ) ਜੈਪੁਰ (ੲ) ਰਿਸ਼ੀਕੇਸ਼ (ਸ) ਲਖਨਊ

158. ਜਪੁਜੀ ਸਾਹਿਬ ਵਿਚਲੇ ਸਲੋਕਾਂ ਦੀ ਗਿਣਤੀ ਹੈ :-

(ੳ) ਇੱਕ (ਅ) ਚਾਰ (ੲ) ਤਿੰਨ (ਸ) ਦੋ

159. ਵਿਆਹ ਸਮੇਂ ਪੜ੍ਹੀਆਂ ਜਾਣ ਵਾਲੀਆਂ ਵੱਧ ਤੋਂ ਵੱਧ ਲਾਵਾਂ ਕਿਸ ਗੁਰੂ ਜੀ ਦੀ ਰਚਨਾ ਹੈ ?

(ੳ) ਗੁਰੂ ਅਮਰਦਾਸ ਜੀ (ਅ) ਗੁਰੂ ਰਾਮਦਾਸ ਜੀ (ੲ) ਗੁਰੂ ਅਰਜਨ ਦੇਵ ਜੀ

(ਸ) ਗੁਰੂ ਗੋਬਿੰਦ ਸਿੰਘ ਜੀ।

160. ਮੁੱਢਲੇ ਆਰੀਆ ਲੋਕਾਂ ਦੇ ਯੱਗ ਕਿੰਨੇ ਦਿਨ ਚੱਲਦੇ ਹਨ :-

(ੳ) ਕੇਵਲ ਇੱਕ ਦਿਨ (ਅ) ਕਈ-ਕਈ ਮਹੀਨੇ (ੲ) ਤਿੰਨ ਦਿਨ

(ਸ) ਇੱਕ ਹਫ਼ਤਾ।

161. ਕਿਹੜਾ ਯੁੱਗ ਧਾਰਮਿਕ ਸ਼ਾਂਤੀ ਦਾ ਯੁੱਗ ਮੰਨਿਆਂ ਜਾਂਦਾ ਹੈ ?

(ੳ) ਮੁੱਢਲਾ ਪੱਥਰ ਕਾਲ (ਅ) ਅਗਲਾ ਪੱਥਰ ਕਾਲ

(ੲ) ਛੇਵੀਂ ਸਦੀ ਈਸਵੀ ਪੂਰਵ (ਸ) ਪਹਿਲੀ ਸਦੀ ਈਸਵੀ ਪੂਰਵ।

162. ਬੁੱਧ ਧਰਮ ਦੀ ਦੂਜੀ ਮਹਾਂਸਭਾ ਕਿੱਥੇ ਹੋਈ ?

(ੳ) ਪਟਨਾ (ਅ) ਲੰਬੂਨੀ (ੲ) ਵੈਸ਼ਲੀ (ਸ) ਕਾਠਮੰਡੂ

163. ਗੁਰੂ ਹਰਿਕ੍ਰਿਸ਼ਨ ਜੀ ਕਿੱਥੇ ਜੋਤੀ-ਜੋਤ ਸਮਾਏ ?

(ੳ) ਦਿੱਲੀ (ਅ) ਕਰਨਾਲ (ੲ) ਕੀਰਤਪੁਰ ਸਾਹਿਬ

(ਸ) ਪਾਣੀਪਤ

164. ਰਿਗਵੇਦ ਦੇ ਵਿਸ਼ਿਆਂ ਵਿੱਚ ਕਿਹੜੇ ਸੂਤਕ ਸ਼ਾਮਿਲ ਹਨ ?

(ੳ) ਦਾਰਸ਼ਨਿਕ ਸੂਕਤ (ਅ) ਆਖਿਆਨ ਸੂਕਤ (ੲ) ਧਰਮ ਨਿਰਪੇਖ ਸੂਕਤ

(ਸ) ਦਾਨ ਸਤੁਤੀਆਂ।

(10)

165. ਕਿਹੜੀ ਸਮ੍ਰਿਤੀ ਵਿੱਚ ਪੁੱਤਰ ਦੀ ਪ੍ਰਾਪਤੀ ਲਈ ਪਤਨੀ ਨੂੰ ਦਿਉਰ ਨਾਲ ਵਿਆਹ ਕਰਵਾਉਣ ਦੀ ਆਗਿਆ ਹੈ ?

(ੳ) ਵਿਸ਼ਨੂੰ ਸਮ੍ਰਿਤੀ (ਅ) ਯਾਗਵਲਕਯ ਸਮ੍ਰਿਤੀ (ਇ) ਨਾਰਦ ਸਮ੍ਰਿਤੀ
(ਸ) ਅਤਰੀ ਸਮ੍ਰਿਤੀ।

166. ਆਦਿ ਗ੍ਰੰਥ ਵਿੱਚ ਕਿੰਨੇ ਗੁਰੂ ਘਰ ਨਾਲ ਸਬੰਧਿਤ ਬਾਣੀਕਾਰਾਂ ਦੀ ਬਾਣੀ ਸ਼ਾਮਿਲ ਹੈ ?

(ੳ) ਦੋ (ਅ) ਚਾਰ (ਇ) ਤਿੰਨ (ਸ) ਇੱਕ

167. ਸਿੱਖ ਅਰਦਾਸ ਵਿੱਚ ਕਿੰਨੇ ਗੁਰੂਆਂ ਦਾ ਉਲੇਖ ਹੈ ?

(ੳ) ਅੱਠ (ਅ) ਨੌਂ (ਇ) ਪੰਜ (ਸ) ਦਸ

168. ਮੁੱਢਲੇ ਆਰੀਆ ਕਿਸ ਦੀ ਪ੍ਰਾਪਤੀ ਲਈ ਪੂਰਵਜਾਂ ਦੀ ਪੂਜਾ ਕਰਦੇ ਸਨ ?

(ੳ) ਸਿਹਤ (ਅ) ਪੁੱਤਰ (ਇ) ਧਨ ਤੇ ਸ਼ਕਤੀ (ਸ) ਇਹ ਸਾਰੇ।

169. ਪੁਰਾਣਾ ਦਾ ਕਰਤਾ ਕਿਸ ਨੂੰ ਮੰਨਿਆ ਗਿਆ ਹੈ ?

(ੳ) ਮਨੂੰ ਰਿਸ਼ੀ (ਅ) ਰਿਸ਼ੀ ਵੇਦ ਵਿਆਸ (ਇ) ਰਿਸ਼ੀ ਵਿਸ਼ਵਾ ਮਿੱਤਰ
(ਸ) ਸ੍ਰੀ ਵਿਸ਼ਨੂੰ ਦੱਤ।

170. ਭੱਟ ਬਾਣੀ ਵਿੱਚ ਕੁੱਲ ਸਵੱਈਏ ਮਿਲਦੇ ਹਨ :-

(ੳ) 126 (ਅ) 123 (ਇ) 114 (ਸ) 143.

171. ਬੁੱਧ ਧਰਮ ਤੇ ਅਸ਼ਟਾਂਗ ਮਾਰਗ ਦਾ ਨਾਂ ਹੈ :-

(ੳ) ਮੱਧ ਮਾਰਗ (ਅ) ਨਿਰਵਾਣ ਮਾਰਗ (ਇ) ਸੱਤ ਮਾਰਗ
(ਸ) ਬੁੱਧ ਮਾਰਗ।

172. ਭਗਵਾਨ ਮਹਾਂਵੀਰ ਦੀਆਂ ਸਿੱਖਿਆਵਾਂ ਕਿਹੜੇ ਸਿਧਾਂਤ ਤੇ ਅਧਾਰਿਤ ਹਨ ?

(ੳ) ਅਹਿੰਸਾ (ਅ) ਸੁਕਰਿਤ (ਇ) ਅਸਤੇਯ (ਸ) ਅਪਰਿਗ੍ਰਹਿ

173. ਇਨ੍ਹਾਂ ਚੋ ਕਿਸਨੇ ਰਹਿਤਨਾਮਾ/ਤਨਖਾਹ ਨਾਮਾ ਲਿਖਿਆ ਹੈ ?

(ੳ) ਭਾਈ ਚਉਪਾ ਸਿੰਘ (ਅ) ਭਾਈ ਪ੍ਰਹਿਲਾਦ ਸਿੰਘ (ਇ) ਭਾਈ ਨੰਦ ਲਾਲ
(ਸ) ਭਾਈ ਦਇਆ ਸਿੰਘ ਤੇ ਹੋਰ ਸਾਰੇ।

174. ਗੁਰੂ ਅਮਰਦਾਸ ਜੀ ਦੇ ਕਿੰਨੇ ਪੁੱਤਰ ਸਨ ?

(ੳ) ਚਾਰ (ਅ) ਦੋ (ਇ) ਤਿੰਨ (ਸ) ਇੱਕ

175. ਉਪਨਿਸ਼ਦਾ ਦੀ ਵਿੱਦਿਆ ਵਿੱਚ ਕਿਹੜਾ ਸ਼ਾਮਿਲ ਨਹੀਂ ਹੈ ?

(ੳ) ਬ੍ਰਹਮ ਵਿੱਦਿਆ (ਅ) ਗਿਆਨ ਖੰਡ (ਇ) ਧਰਮ ਖੰਡ
(ਸ) ਸਾਧਨਾ ਖੰਡ

176. ਵਿਸ਼ਨੂੰ ਸਮ੍ਰਿਤੀ ਦੇ ਕੁੱਲ ਭਾਗ ਕਿਸ ਸਮ੍ਰਿਤੀ ਤੋਂ ਲਏ ਗਏ ਹਨ ?

(ੳ) ਮਨੂ ਸਮ੍ਰਿਤੀ (ਅ) ਯਾਗਵਲਕਯ ਸਮ੍ਰਿਤੀ (ੲ) ਨਾਰਦ ਸਮ੍ਰਿਤੀ
(ਸ) ਇਨ੍ਹਾਂ ਚੋ ਕੋਈ ਨਹੀਂ।

177. ਆਦਿ ਗ੍ਰੰਥ ਵਿੱਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਸ਼ਾਮਿਲ ਹੈ ?

(ੳ) ਪੰਜ (ਅ) [illegible] ਅੱਠ (ੲ) ਛੇ (ਸ) ਇਨ੍ਹਾਂ ਚੋ ਕੋਈ ਨਹੀਂ।

178. ਬੁੱਧਮਤ ਦੇ ਅੱਠ ਨਿਯਮਾਂ ਨੂੰ ਕੀ ਦੱਸਿਆ ਗਿਆ ?

(ੳ) ਰੱਬ ਦੀ ਪ੍ਰਾਪਤੀ ਦਾ ਮਾਰਗ (ਅ) ਅੱਠ ਵਰਤ
(ੲ) ਨਿਰਵਾਣ ਪ੍ਰਾਪਤੀ ਦਾ ਮਾਰਗ (ਸ) ਸਵਰਗ ਪ੍ਰਾਪਤੀ ਦਾ ਮਾਰਗ।

179. ਜੈਨਮਤ ਦੇ ਕੁੱਲ ਕਿੰਨੇ ਤੀਰਥਕਰ ਸਨ ?

(ੳ) 23 (ਅ) 22 (ੲ) 24 (ਸ) 11.

180. ਜੈਨਮਤ ਦੇ ਸਿਧਾਂਤਾਂ ਵਿੱਚ ਕਿਹੜਾ ਸਿਧਾਂਤ ਸ਼ਾਮਿਲ ਹੈ ?

(ੳ) ਸਕਾਰਾਤਮਕ ਸਿਧਾਂਤ (ਅ) ਨਿਸ਼ੇਧਾਤਮਕ ਸਿਧਾਂਤ
(ੲ) (ੳ) ਅਤੇ (ਅ) ਦੋਵੇਂ (ਸ) ਇਨ੍ਹਾਂ ਚੋ ਕੋਈ ਨਹੀਂ।

181. ਜੈਨ ਧਰਮ ਅਨੁਸਾਰ ਮਹਾਂ ਵਰਤਾਂ ਵਿੱਚ ਕਿਹੜਾ ਸ਼ਾਮਿਲ ਹੈ ?

(ੳ) ਅਹਿੰਸਾ ਮਹਾਂ-ਵਰਤ (ਅ) ਸਤਯ ਆਵਰਤ (ੲ) ਅਸਤਯ ਮਹਾਂਵਰਤ
(ਸ) ਅਪਰਿਗ੍ਰਹਿ ਮਹਾਂਵਰਤ ਤੇ ਬ੍ਰਹਮਚਾਰੀਆ ਮਹਾਂਵਰਤ (ਹ) ਇਹ ਸਾਰੇ ਹੀ।

182. 'ਦੇਗ਼ ਤੇਗ਼ ਫਤਹ [illegible]ਸਰਤ ਏਦਰੰਗ' ਅੱਖਰਾਂ ਵਾਲਾ ਸਿੱਕਾ ਕਿਸ ਗੱਲ ਵੱਲ ਸੰਕੇਤ ਕਰਦਾ ਹੈ ?

(ੳ) ਸਾਧ ਸੰਗਤ (ਅ) ਦੇਗ-ਤੇਗ (ੲ) ਮੀਰੀ-ਪੀਰੀ ਦਾ ਸਿਧਾਂਤ
(ਸ) ਵੰਡ ਛਕਦਾ।

183. ਰਿਗਵੇਦ ਅਨੁਸਾਰ 'ਮਿੱਤਰ ਦੇਵਤਾ' ਕਿਸ ਚੀਜ਼ ਦਾ ਦੇਵਤਾ ਹੈ ?

(ੳ) ਧਰਤੀ (ਅ) ਆਕਾਸ਼ (ੲ) ਪ੍ਰਕਾਸ਼ (ਸ) ਵਰਖਾ।

184. ਵੇਦਿਕ ਯੱਗ ਵਿੱਚ ਸ਼ਾਮਿਲ ਹੈ :-

(ੳ) ਦੇਵ ਯੱਗ (ਅ) ਪਿੱਤਰੀ ਯੱਗ (ੲ) ਰਿਸ਼ੀ ਯੱਗ
(ਸ) ਪੁਰਖ ਯੱਗ ਅਤੇ ਬਾਕੀ ਸਾਰੇ ਹੀ।

185. ਗੁਰੂ ਅੰਗਦ ਦੇਵ ਜੀ ਨੇ ਕਿਹੜੇ ਨਗਰ ਦੀ ਨੀਂਹ ਰੱਖੀ ?

(ੳ) ਅਨੰਦਪੁਰ ਸਾਹਿਬ (ਅ) ਅਮ੍ਰਿਤਸਰ (ੲ) ਗੋਇੰਦਵਾਲ
(ਸ) ਤਰਨਤਾਰਨ।

(12)

186. ਸਾਮ ਨਾਲ ਯੁਕਤ ਵੇਦ ਕਿਸ ਨੂੰ ਆਖਿਆ ਗਿਆ ਹੈ ?

(ੳ) ਰਿਗਵੇਦ (ਅ) ਸਾਮਵੇਦ (ੲ) ਯਜੁਰਵੇਦ (ਸ) ਅਥਰਵਵੇਦ

187. 'ਬ੍ਰਹਦਰਣਯਕ ਉਪਨਿਸ਼ਟ' ਕਿਸ ਵੇਦ ਦਾ ਉਪਨਿਸ਼ਦ ਹੈ ?

(ੳ) ਰਿਗਵੇਦ (ਅ) ਯਜੁਰਵੇਦ (ੲ) ਸਾਮਵੇਦ (ਸ) ਅਥਰਵਵੇਦ

188. ਬੁੱਧ ਧਰਮ ਦੇ 'ਅਸ਼ਟ ਮਾਰਗ' ਵਿੱਚ ਕਿਹੜਾ ਸ਼ਾਮਿਲ ਨਹੀਂ ਹੈ ?

(ੳ) ਸੱਚੀ ਦ੍ਰਿਸ਼ਟੀ (ਅ) ਸੱਚਾ ਸੰਕਲਪ (ੲ) ਸੱਚਾ ਕਰਮ

(ਸ) ਸੱਚਾ ਵਪਾਰ।

189. ਜੈਨ ਧਰਮ ਅਨੁਸਾਰ 'ਮੋਕਸ਼' ਦੀ ਪ੍ਰਾਪਤੀ ਦੇ ਸਾਧਨਾ ਵਿੱਚ ਸ਼ਾਮਿਲ ਹੈ :-

(ੳ) ਸਹੀ ਦਰਸ਼ਨ ਜਾਂ ਵਿਸ਼ਵਾਸ (ਅ) ਸੱਚਾ ਗਿਆਨ (ੲ) ਸੱਚਾ ਚਰਿੱਤਰ

(ਸ) ਇਹ ਸਾਰੇ ਹੀ।

190. ਸਿੱਖਾਂ ਦੇ ਕਿੰਨੇ ਤਖਤ ਹਨ ?

(ੳ) ਚਾਰ (ਅ) ਪੰਜ (ੲ) ਤਿੰਨ (ਸ) ਛੇ।

ਇੱਕ ਸ਼ਬਦ ਜਾਂ ਇੱਕ ਨਾਮ ਵਿੱਚ ਉੱਤਰ ਵਾਲੇ ਪ੍ਰਸ਼ਨ :-

191. ਸਿੰਧੂ ਘਾਟੀ ਸਭਿਅਤਾ ਦੇ ਕਿਸੇ ਇੱਕ ਕੇਂਦਰ ਦਾ ਨਾਂ ਲਿਖੋ।

192. ਬੁੱਧ ਧਰਮ ਤੋਂ ਪਹਿਲਾਂ ਵੈਦਿਕ ਧਰਮ ਵਿੱਚ ਕੀ ਆ ਚੁੱਕਿਆ ਸੀ ?

193. ਪੁਰਾਣਾ ਦਾ ਮੁੱਖ ਉਦੇਸ਼ ਕੀ ਹੈ ?

194. ਗੁਰਮੁਖੀ ਲਿਪੀ ਦਾ ਸੁਧਾਰ ਕਿਹੜੇ ਗੁਰੂ ਜੀ ਨੇ ਕੀਤਾ ?

195. 'ਦਿਗੰਬਰ' ਫਿਰਕਾ ਕਿਹੜੇ ਧਰਮ ਨਾਲ ਸਬੰਧ ਰੱਖਦਾ ਹੈ ?

196. ਸ੍ਰੀ ਅਨੰਦਪੁਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ ?

197. ਜੈਨ ਧਰਮ ਅਨੁਸਾਰ ਤੰਕਾਰਾਂ ਦੀ ਗਿਣਤੀ ਕਿੰਨੀ ਹੈ ?

198. 'ਦੁੱਖਾਂ ਦਾ ਹੱਲ ਸੰਭਵ ਹੈ' ਸਿਧਾਂਤ ਕਿਸ ਧਰਮ ਨਾਲ ਸਬੰਧਿਤ ਹੈ ?

199. 'ਵੰਡ ਛਕੋ' ਤੋਂ ਕੀ ਭਾਵ ਹੈ ?

200. ਸਿੰਧੂ ਘਾਟੀ ਸਭਿਅਤਾ ਦੇ ਲੋਕ ਵਧੇਰੇ ਕਿਸ ਦੇਵਤੇ ਦੀ ਪੂਜਾ ਕਰਦੇ ਸਨ ?

201. ਬੁੱਧ ਧਰਮ ਦੇ ਨਿਕਾਸ ਦਾ ਮੁੱਖ ਸਮਾਜਕ ਕਾਰਨ ਕੀ ਹੈ ?

202. 'ਚੰਡੀ ਦੀ ਵਾਰ' ਵਾਲੀ ਕਥਾ ਕਿਹੜੇ ਪੁਰਾਣ ਵਿੱਚ ਹੈ ?

203. ਕਿਸੇ ਦੋ ਉਪਨਿਸ਼ਦਾਂ ਦੇ ਨਾਂ ਲਿਖੋ।

204. ਮਹਾਤਮਾ ਬੁੱਧ ਦੀਆਂ ਕੋਈ ਦੋ ਸਿੱਖਿਆਵਾਂ ਲਿਖੋ।

205. ਗੁਰੂ ਗੋਬਿੰਦ ਸਿੰਘ ਜੀ ਕਦੋਂ ਜੋਤੀ-ਜੋਤ ਸਮਾਏ ਅਤੇ ਕਿੱਥੇ ?

206. ਸਿੱਖ ਧਰਮ ਦੇ ਵਿਕਾਸ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਕੋਈ ਇੱਕ ਯੋਗਦਾਨ ਲਿਖੋ।

207. ਜੈਨ ਧਰਮ ਦੇ ਤਿੰਨ ਰਤਨ ਕਿਹੜੇ ਹਨ ?

208. 'ਸਿੱਖ ਅਰਦਾਸ' ਅਨੁਸਾਰ ਸਿੱਖ ਦਾ ਮਨ ਤੇ ਮੱਤ ਕਿਹੋ ਜਿਹੇ ਹੋਣ ?

209. ਸਿੰਧੂ ਘਾਟੀ ਸਭਿਅਤਾ ਦੇ ਲੋਕ ਕਿਸ ਚਿੰਨ੍ਹ ਦੀ ਪੂਜਾ ਕਰਦੇ ਸਨ ?

210. ਉੱਤਰ ਵੈਦਿਕ ਕਾਲ ਦੇ ਸਮਾਜ ਵਿੱਚ ਕਿਹੜੇ ਵਰਣ ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਜਾਂਦਾ ਸੀ ?

211. ਕਿਹੜੀ ਸਮ੍ਰਿਤੀ ਵਿੱਚ ਸ੍ਰਿਸ਼ਟੀ ਦੇ ਚਾਰ ਯੁੱਗਾਂ ਦਾ ਉਲੇਖ ਹੈ ?

212. ਅਗਨੀ ਪੁਰਾਣ ਵਿੱਚ ਲਗਪਗ ਕਿੰਨੇ ਸਲੋਕ ਅੰਕਿਤ ਹਨ ?

213. ਬੁੱਧ ਧਰਮ ਦੀਆਂ ਯਾਤਕ ਕਥਾਵਾਂ ਕਿਹੜੀ ਭਾਸ਼ਾ ਹਨ ?

214. ਗੁਰੂ ਨਾਨਕ ਦੇਵ ਜੀ ਦਾ ਵਿਆਹ ਕਿਸ ਨਾਲ ਹੋਇਆ ?

215. ਆਦਿ ਗ੍ਰੰਥ ਵਿਚਲੇ ਸ਼ਬਦ 'ਮਹਲਾ' ਤੋਂ ਕੀ ਭਾਵ ਹੈ ?

(14)

216. ਜੈਨਮਤ ਵਿੱਚ ਅਵਧੀ ਗਿਆਨ ਕਿਸ ਨੂੰ ਕਿਹਾ ਜਾਂਦਾ ਹੈ ?

217. ਮੂਲਮੰਤਰ ਅਨੁਸਾਰ 'ਕਰਤਾ ਪੁਰਖ' ਵਿੱਚ ਕਿਹੜੇ-ਕਿਹੜੇ ਗੁਣ ਹਨ ?

218. ਸਿੰਧੂ ਘਾਟੀ ਸਭਿਅਤਾ ਦੀਆਂ ਮੂਰਤੀਆਂ ਤੋਂ ਕਿਹੋ ਜਿਹੇ ਨਿਸ਼ਾਨ ਮਿਲਦੇ ਹਨ ?

219. ਬਚਪਨ ਤੋਂ ਗੌਤਮ ਬੁੱਧ ਉਦਾਸ ਕਿਉਂ ਰਹਿੰਦੇ ਸਨ ?

220. ਵਿਦਿਆਰਥੀਆਂ ਦੇ ਕਰਤਵਾਂ ਬਾਰੇ ਚਰਚਾ ਕਿਹੜੀ ਸਮ੍ਰਿਤੀ ਵਿੱਚ ਮਿਲਦੀ ਹੈ ?

221. ਉਪਨਿਸ਼ਟਾਂ ਦਾ ਰਚਨਾ ਕਾਲ ਕਿਹੜਾ ਮੰਨਿਆ ਗਿਆ ਹੈ ?

222. ਗੁਰੂ ਅੰਗਦ ਦੇਵ ਜੀ ਨੇ ਕਿਸ ਦੇ ਮੂੰਹੋਂ ਆਸਾ ਦੀ ਵਾਰ ਦਾ ਪਾਠ ਸੁਣਿਆ ?

223. ਆਦਿ ਗ੍ਰੰਥ ਵਿੱਚ ਸ਼ੇਖ ਫ਼ਰੀਦ ਜੀ ਦੇ ਕਿੰਨੇ ਸਲੋਕ ਦਰਜ ਹਨ ?

224. ਬੁੱਧ ਧਰਮ ਦੇ ਅਸ਼ਟਾਂਗ ਮਾਰਗ ਦੇ ਦੋ ਨਿਯਮਾਂ ਦੇ ਨਾਂ ਲਿਖੋ।

225. 'ਕਿਰਤ ਕਰਨ' ਤੋਂ ਕੀ ਭਾਵ ਹੈ ? ਸਿੱਖ ਧਰਮ ਦੇ ਆਧਾਰ ਤੇ ਉੱਤਰ ਦਿਓ।

226. ਜੈਨ ਧਰਮ ਅਨੁਸਾਰ ਅਹਿੰਸਾ ਕੀ ਹੈ ?

227. ਸਿੰਧੂ ਘਾਟੀ ਸਭਿਅਤਾ ਦੇ ਲੋਕ ਕਿਸ ਜਾਨਵਰ ਦੀ ਪੂਜਾ ਕਰਦੇ ਸਨ ?

228. ਬੁੱਧ ਨੇ ਗਿਆਨ ਦੀ ਪ੍ਰਾਪਤੀ ਪਿੱਛੋਂ ਕੀ ਫੈਸਲਾ ਕੀਤਾ ?

229. ਉਪਨਿਸ਼ਟਾਂ ਅਨੁਸਾਰ ਆਤਮਾ ਦਾ ਅਸਲੀ ਪੱਧਰ ਕਿਹੜਾ ਹੈ ?

230. ਗੁਰੂ ਅਮਰਦਾਸ ਜੀ ਦੇ ਮਾਤਾ-ਪਿਤਾ ਕਿਸ ਦੇ ਪੁਜਾਰੀ ਸਨ ?

231. ਗੁਰੂ ਅਰਜਨ ਦੇਵ ਜੀ ਦੀਆਂ ਦੋ ਬਾਣੀਆਂ ਦੇ ਨਾਂ ਲਿਖੋ।

232. ਬੁੱਧ ਧਰਮ ਅਨੁਸਾਰ 'ਸੱਚਾ ਯਤਨ' ਕਿਸ ਨੂੰ ਆਖਦੇ ਹਨ ?

233. ਜੈਨ ਧਰਮ ਦੀਆਂ ਦੋ ਨੈਤਿਕ ਸਿਖਿਆਵਾਂ ਲਿਖੋ।

234. ਸਿੰਧੂ ਘਾਟੀ ਸਭਿਅਤਾ ਦੇ ਲੋਕਾਂ ਦੁਆਰਾ ਸੂਰਜ ਪੂਜਾ ਦਾ ਪ੍ਰਮਾਣ ਹੈ।

235. ਸਭ ਤੋਂ ਪਹਿਲਾਂ ਮਹਾਤਮਾ ਬੁੱਧ ਨੇ ਆਪਣਾ ਉਪਦੇਸ਼ ਕਿਸ ਨੂੰ ਦਿੱਤਾ ?

236. ਕਿਹੜੀ ਸਮ੍ਰਿਤੀ ਵਿੱਚ ਇਸਤਰੀ ਦੇ ਮੁੜ ਵਿਆਹ ਦੀ ਵਿਰੋਧ ਨਹੀਂ ?

237. ਤੀਜੇ ਅਤੇ ਚੌਥੇ ਵੇਦਾਂ ਦਾ ਨਾਂ ਲਿਖੋ।

238. ਬੁੱਧ ਧਰਮ ਦੀਆਂ ਚਾਰ ਸੱਚਾਈਆਂ ਕਿਹੜੀਆਂ ਹਨ ?

239. ਹਰਿਮੰਦਰ ਸਾਹਿਬ ਦੀ ਨੀਂਹ ਕਿਸਨੇ ਰੱਖੀ ?

240. ਜੈਨ ਧਰਮ ਦੇ ਆਖਰੀ ਤੀਰਥਕਰ ਦਾ ਕੀ ਨਾਂ ਹੈ ?

241. ਗੁਰੂ ਅਮਰਦਾਸ ਜੀ ਦੀਆਂ ਦੋ ਰਚਨਾਵਾਂ ਦੇ ਨਾਂ ਲਿਖੋ।

242. 'ਸੰਗਤ' ਤੋਂ ਕੀ ਭਾਵ ਹੈ ?

243. ਰਿਗਵੇਦ ਵਿੱਚ ਕਿੰਨੇ ਦੇਵਤਿਆਂ ਦਾ ਵਰਣਨ ਮਿਲਦਾ ਹੈ ?

244. ਮਹਾਤਮਾ ਬੁੱਧ ਦੇ ਦੋ ਸ਼ਿਸ਼ਾ ਦੇ ਨਾਂ ਲਿਖੋ।

245. ਉਪਨਿਸ਼ਦਾਂ ਅਨੁਸਾਰ ਆਤਮਾ ਦੇ ਦੋ ਪੱਖ ਕਿਹੜੇ ਹਨ ?

246. ਆਦਿ ਗ੍ਰੰਥ ਦੇ ਚਾਰ ਭਗਤਾਂ ਦੇ ਨਾਂ ਲਿਖੋ।

247. ਬੁੱਧ ਧਰਮ ਦੇ 'ਸੱਚਾ ਸੰਕਲਪ' ਤੋਂ ਕੀ ਭਾਵ ਹੈ ?

248. ਬੁੱਧ ਧਰਮ ਅਨੁਸਾਰ 'ਸੱਚਾ ਕਰਮ' ਕਿਸ ਨੂੰ ਆਖਦੇ ਹਨ ?

249. ਜੈਨ ਧਰਮ ਦੇ ਪਹਿਲੇ ਤੀਰਥਕਰ ਕੌਣ ਸਨ ?

250. ਸਿੱਖ ਅਰਦਾਸ ਦਾ ਆਰੰਭ ਕਿੱਥੋਂ ਹੁੰਦਾ ਹੈ ?

251. ਕਿਹੜੀ ਬਾਣੀ ਵਿੱਚ ਪੰਜ ਖੰਡਾਂ ਦਾ ਵਰਣਨ ਹੈ ?

252. ਸਿੰਧੂ ਘਾਟੀ ਤੋਂ ਮਿਲੀਆਂ ਮੂਰਤੀਆਂ ਦੀਆਂ ਕਮਰਾਂ ਵਿੱਚ ਕੀ ਪਹਿਨਿਆ ਹੈ ?

253. ਰਿਗਵੇਦ ਅਨੁਸਾਰ ਦੂਜਾ ਸਭ ਤੋਂ ਪ੍ਰਤਾਪੀ ਦੇਵਤਾ ਕੌਣ ਹੈ ?

254. ਮਹਾਤਮਾ ਬੁੱਧ ਦਾ ਕੋਈ ਇੱਕ ਨਿਸ਼ਚਾਤਮਕ ਸਿਧਾਂਤ ਲਿਖੋ।

255. ਉਪਨਿਸ਼ਦਾਂ ਅਨੁਸਾਰ ਆਤਮਾ ਕਿਹੋ ਜਿਹੀ ਹੋਣੀ ਚਾਹੀਦੀ ਹੈ ?

256. ਆਦਿ ਗ੍ਰੰਥ ਦੇ ਦੋ ਭੱਟਾਂ ਦੇ ਨਾਂ ਲਿਖੋ।

257. ਅਸ਼ਟ ਮਾਰਗ ਦੇ 'ਸੱਚੀ ਦ੍ਰਿਸ਼ਟੀ' ਤੋਂ ਕੀ ਭਾਵ ਹੈ ?

258. ਬੁੱਧ ਮਤ ਦੀਆਂ ਕੋਈ ਦੋ ਸਚਾਈਆਂ ਦੱਸੋ।

259. ਜੈਨ ਧਰਮ ਦਾ ਮੁੱਖ ਉਪਦੇਸ਼ ਕੀ ਹੈ ?

260. ਤਖਤ ਹਜ਼ੂਰ ਸਾਹਿਬ ਕਿੱਥੇ ਹੈ ?

261. ਵਰਤਮਾਨ ਸਮੇਂ ਵਿੱਚ ਹਿੰਦੂ ਲੋਕ ਕਿਹੜੇ ਪੁਰਾਤਨ ਚਿੰਨ੍ਹ ਨੂੰ ਦਰਵਾਜ਼ੇ ਤੇ ਟੰਗਦੇ ਸਨ ?

262. ਰਿਗਵੇਦ ਅਨੁਸਾਰ ਪੂਜੀ ਜਾਣ ਵਾਲੀ ਕਿਸੇ ਦੇਵੀ ਦਾ ਨਾਂ ਦੱਸੋ।

263. ਬੋਧ ਸਾਹਿਤ ਦਾ ਸਭ ਤੋਂ ਵੱਧ ਚਰਚਿਤ ਗ੍ਰੰਥ ਕਿਹੜਾ ਹੈ ?

264. ਭਗਵਤ ਗੀਤਾ ਵਿਚਲੇ 'ਗਿਆਨ ਯੋਗ' ਦਾ ਕੇਂਦਰਿਤ ਬਿੰਦੂ ਕੀ ਹੈ ?

265. ਆਦਿ ਗ੍ਰੰਥ ਵਿੱਚ ਗੁਰੂ ਅਰਜਨ ਦੇਵ ਜੀ ਦੇ ਕਿੰਨੇ ਸ਼ਬਦ ਸ਼ਾਮਿਲ ਹਨ ?

266. 'ਸੋ ਪੁਰਖ' ਤੋਂ ਕੀ ਭਾਵ ਹੈ ?

267. ਬੁੱਧ ਧਰਮ ਅਨੁਸਾਰ ਨਿਰਵਾਣ ਕੀ ਹੈ ?

268. ਅਸ਼ਟ ਮਾਰਗ ਦੇ 'ਸੱਚੀ ਬਾਣੀ' ਤੋਂ ਕੀ ਭਾਵ ਹੈ ?

269. ਵਰਧਮਾਨ ਮਹਾਂਵੀਰ ਦੇ ਮਾਤਾ-ਪਿਤਾ ਦਾ ਨਾਂ ਲਿਖੋ।

(16)

270. ਮੁੱਢਲੇ ਆਰੀਆ ਲੋਕ ਆਪਣੇ ਦੇਵਤਿਆਂ ਦੀ ਪੂਜਾ ਕਿੱਥੇ ਕਰਦੇ ਸਨ ?

271. ਆਰੀਆ ਲੋਕ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਕਿਹੜਾ ਪਾਠ ਕਰਦੇ ਸਨ ?

272. ਬੁੱਧ ਧਰਮ ਦੇ ਕਿਹੜੇ ਗ੍ਰੰਥ ਵਿੱਚ ਵਧੀਆਂ ਜੀਵਨ ਜਿਊਣ ਦੇ ਸਿਧਾਂਤ ਦਿੱਤੇ ਹਨ ?

273. ਪੁਰਾਣਾ ਦੇ ਤਿੰਨ ਵਰਗਾਂ ਦੇ ਨਾਂ ਦੱਸੋ।

274. ਆਦਿ ਗ੍ਰੰਥ ਦੀ ਰਾਗਾਤਮਕ ਬਾਣੀ ਕਿੰਨੇ ਤੋਂ ਕਿੰਨੇ ਪੰਨੇ ਤੱਕ ਹੈ ?

275. ਆਦਿ ਗ੍ਰੰਥ ਦੇ ਦੋ ਰਾਗਾਂ ਦੇ ਨਾਂ ਲਿਖੋ।

276. ਗਿਆਨ ਪ੍ਰਾਪਤ ਸਮੇਂ ਵਰਧਮਾਨ ਮਹਾਂਵੀਰ ਦੀ ਉਮਰ ਕੀ ਸੀ ?

277. ਸਿੱਖ ਜੀਵਨ ਜਾਚ ਦਾ ਮੂਲ ਸੋਮਾ ਕੀ ਹੈ ?

278. ਸਿੱਖਾਂ ਦੇ ਵਿਆਹ ਸਮੇਂ ਕਿਹੜੀ ਬਾਣੀ ਪੜ੍ਹਨ ਨਾਲ ਵਿਆਹ ਸੰਪੂਰਨ ਸਮਝਿਆ ਜਾਂਦਾ ਹੈ ?

279. ਕਿਨ੍ਹਾਂ ਨਿਸ਼ਾਨੀਆਂ ਤੋਂ ਸਿੰਧੂ ਘਾਟੀ ਸਮੇਂ ਪ੍ਰਚਲਿਤ ਬਲੀ ਪ੍ਰਥਾ ਦਾ ਪਤਾ ਲੱਗਾ ?

280. ਯੱਗ ਕਰਵਾਉਣ ਵਾਲੇ ਨੂੰ ਮੁੱਢਲੇ ਆਰੀਆ ਲੋਕ ਕੀ ਆਖਦੇ ਸਨ ?

281. ਬੋਧ ਸੰਘ ਦੀ ਦੂਜੀ ਮਹਾਂ ਸਭਾ ਕਿਸਨੇ ਤੇ ਕਿੱਥੇ ਬੁਲਾਈ ?

282. ਪੁਰਾਣਾ ਦਾ ਦਾਰਸ਼ਨਿਕ ਵਿਸ਼ਾ ਦੱਸੋ।

283. ਆਦਿ ਗ੍ਰੰਥ ਦਾ ਮੁੱਖ ਵਿਸ਼ਾ ਕੀ ਹੈ ?

284. ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲਾਂ ਗ੍ਰੰਥੀ ਕਿਸ ਨੂੰ ਥਾਪਿਆ ਗਿਆ ?

285. ਬੁੱਧ ਧਰਮ ਦੇ ਦੋ ਗ੍ਰੰਥਾਂ ਦੇ ਨਾਂ ਲਿਖੋ।

286. ਜੈਨਮੱਤ ਦੇ ਆਵਸ਼ਯਕ ਵਿੱਚੋਂ ਕਿਸੇ ਦੋ ਦੇ ਨਾਂ ਲਿਖੋ।

287. ਸਿੱਖ ਜੀਵਨ ਜਾਚ ਅਨੁਸਾਰ ਮਨੁੱਖ ਨੂੰ ਅਮ੍ਰਿਤ ਵੇਲੇ ਕੀ ਕਰਨਾ ਚਾਹੀਦਾ ਹੈ ?

288. ਸਿੱਖ ਜੀਵਨ ਜਾਚ ਅਨੁਸਾਰ ਨਾਮ ਸਿਮਰਨ ਦਾ ਮਨ ਤੇ ਕੀ ਪ੍ਰਭਾਵ ਪੈਂਦਾ ਹੈ ?

289. ਕਿਸ ਦੇਵਤੇ ਨੂੰ ਹਵਨ ਰਖਵਾਲਾ ਆਖਿਆ ਜਾਂਦਾ ਹੈ ?

290. ਕਿਸੇ ਦੋ ਦੇਸ਼ਾਂ ਦੇ ਨਾਂ ਲਿਖੋ, ਜਿੱਥੇ ਅਸ਼ੋਕ ਨੇ ਬੁੱਧ ਧਰਮ ਦੇ ਪ੍ਰਚਾਰ ਲਈ ਪ੍ਰਚਾਰਕ ਭੇਜੇ।

291. ਸਾਮਵੇਦ ਦੇ ਦੋ ਉਪਨਿਸ਼ਟਾਂ ਦੇ ਨਾਂ ਲਿਖੋ।

292. ਗੀਤਾ ਵਿੱਚ ਵਰਣਿਤ ਯੋਗਾਂ ਦੇ ਨਾਂ ਲਿਖੋ।

293. ਆਦਿ ਗ੍ਰੰਥ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਕਿੰਨੇ ਸ਼ਬਦ ਸ਼ਾਮਿਲ ਹਨ ?

294. ਜੈਨ ਧਰਮ ਦੀ ਮਾਨਸਿਕ ਹਿੰਸਾ ਤੋਂ ਕੀ ਭਾਵ ਹੈ ?

295. ਮੂਲਮੰਤਰ ਦੇ ਸ਼ਬਦ 'ਸਤਿ' ਤੋਂ ਕੀ ਭਾਵ ਹੈ ?

296. ਕਿਸੇ ਚਾਰ ਪੁਰਾਤਨ ਸਿੱਖ ਸ਼ਹੀਦਾਂ ਦੇ ਨਾਂ ਲਿਖੋ।

297. ਆਦਿ ਗ੍ਰੰਥ ਦੀ ਸਮਾਪਤੀ ਕਿਸ ਬਾਣੀ ਨਾਲ ਹੁੰਦੀ ਹੈ ?

298. ਭਗਵਤ ਗੀਤਾ ਦਾ ਕਰਮਯੋਗ ਕੀ ਹੈ ?

299. ਅਸ਼ਵਮੇਧ ਯੱਗ ਕਿਹੜੀ ਸ਼ਕਤੀ ਪ੍ਰਾਪਤ ਕਰਨ ਲਈ ਕੀਤਾ ਜਾਂਦਾ ਸੀ ?

30 (ਕਿਸੇ - ਦੋ ਉਪਨਿਸ਼ਦਾਂ ਦੇ ਨਾਂ ਲਿਖੋ)

ਭਾਗ-ਅ

<u>ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ, ਜਿਨ੍ਹਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿੱਤਾ ਜਾਵੇ :-</u>

301. ਸਿੰਧੂ ਘਾਟੀ ਸਭਿਅਤਾ ਦੇ ਲੋਕ ਕਿਹੜੇ-ਕਿਹੜੇ ਢੰਗ ਨਾਲ ਮ੍ਰਿਤ ਸੰਸਕਾਰ ਕਰਦੇ ਸਨ ?

302. ਮੁੱਖ ਉਪਨਿਸ਼ਦ ਕਿੰਨੇ ਹਨ, ਕਿਸੇ ਦੋ ਦੇ ਨਾਂ ਲਿਖੋ।

303. ਸ੍ਰੀਮਤ ਭਗਵਤ ਗੀਤਾ ਵਿੱਚ ਗਿਆਨਯੋਗ ਬਾਰੇ ਕੀ ਕਿਹਾ ਗਿਆ ਹੈ ?

304. ਬੁੱਧ ਧਰਮ ਦੀ ਉਤਪੱਤੀ ਸਬੰਧੀ ਕੋਈ ਪੰਜ ਕਾਰਨ ਲਿਖੋ।

305. ਗੁਰੂ ਨਾਨਕ ਦੇਵ ਜੀ ਦੀਆਂ ਚਾਰ ਸਿੱਖਿਆਵਾਂ ਲਿਖੋ।

306. ਆਦਿ ਗ੍ਰੰਥ ਦਾ ਸੰਕਲਨ ਕਿਉਂ ਕੀਤਾ ਗਿਆ ?

307. ਆਦਿ ਗ੍ਰੰਥ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਕਿੰਨੀਆਂ ਵਾਰਾਂ ਸ਼ਾਮਿਲ ਹਨ, ਕਿਸੇ ਦੋ ਦੇ ਨਾਂ ਲਿਖੋ।

308. ਸਿੱਖ ਅਰਦਾਸ ਦੇ ਕੋਈ ਦੋ ਵਿਸ਼ੇ ਲਿਖੋ।

309. ਭਗਵਾਨ ਮਹਾਂਵੀਰ ਦੀਆਂ ਕੋਈ ਚਾਰ ਸਿੱਖਿਆਵਾਂ ਦੱਸੋ।

310. ਮੁੱਢਲੇ ਆਰੀਆ ਲੋਕ ਕਿਹੜੇ ਜਾਨਵਰਾਂ ਦੀ ਪੂਜਾ ਕਰਦੇ ਸਨ ? ਇਸ ਦੇ ਕੀ ਪ੍ਰਭਾਵ ਹਨ ?

311. ਕੀ ਇਹ ਠੀਕ ਹੈ ਕਿ ਸਿੰਧੂ ਘਾਟੀ ਦੇ ਲੋਕ ਸੂਰਜ ਦੀ ਪੂਜਾ ਵਿੱਚ ਵਿਸ਼ਵਾਸ ਰੱਖਦੇ ਸਨ ?

312. ਮਹਾਤਮਾ ਬੁੱਧ ਦੀਆਂ ਕੋਈ ਦੋ ਸਿੱਖਿਆਵਾਂ ਲਿਖੋ।

313. ਸ੍ਰੀਮਦ ਭਗਵਤ ਗੀਤਾ ਅਨੁਸਾਰ ਦੋ ਪ੍ਰਕਾਰ ਦਾ ਗਿਆਨ ਕਿਹੜਾ ਹੈ ?

314. ਗੁਰੂ ਅੰਗਦ ਦੇਵ ਜੀ ਦੇ ਜਨਮ ਅਤੇ ਮਾਤਾ-ਪਿਤਾ ਬਾਰੇ ਤੁਸੀਂ ਕੀ ਜਾਣਦੇ ਹੋ ?

315. ਬੁੱਧ ਧਰਮ ਬਾਰੇ ਸੰਖੇਪ ਜਾਣਕਾਰੀ ਦਿਓ।

316. ਸਿੱਖ ਧਰਮ ਵਿੱਚ ਅਮ੍ਰਿਤਪਾਨ ਦੀ ਕੀ ਮਹੱਤਤਾ ਹੈ ?

317. ਨਿੱਤਨੇਮ ਦੀਆਂ ਬਾਣੀਆਂ ਚੋ ਕਿਸੇ ਇੱਕ ਬਾਰੇ ਜਾਣਕਾਰੀ ਦਿਓ।

318. ਜੈਨ ਧਰਮ ਦੇ ਨੌ ਤੱਤਾਂ ਚੋਂ ਛੇ ਦੇ ਨਾਂ ਲਿਖੋ।

319. ਸਿੰਧੂ ਘਾਟੀ ਸਭਿਅਤਾ ਦੇ ਲੋਕ ਮਾਤ ਦੇਵੀ ਦੀ ਪੂਜਾ ਕਰਦੇ ਸਨ। ਵਿਚਾਰ ਕਰੋ।

320. ਆਰੀਆ ਦੇ ਸੂਰਜ ਦੇਵਤਾ ਬਾਰੇ ਸੰਖੇਪ ਜਾਣਕਾਰੀ ਦਿਓ।

(16)

321. ਰਿਗਵੇਦ ਦਾ ਮੁੱਖ ਵਿਸ਼ਾ ਕੀ ਹੈ ?

322. ਬੁੱਧ ਧਰਮ ਦੀਆਂ ਦੋ ਸਚਾਈਆਂ ਤੇ ਪ੍ਰਕਾਸ਼ ਪਾਓ।

323. 'ਧਰਮ ਸੂਤਰ' ਬਾਰੇ ਤੁਸੀਂ ਕੀ ਜਾਣਦੇ ਹੋ ?

324. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਕੋਈ ਦੋ ਕਾਰਨ ਲਿਖੋ।

325. ਉਪਨਿਸ਼ਟਾਂ ਦਾ ਮੁੱਖ ਵਿਸ਼ਾ ਕੀ ਹੈ ?

326. ਜੈਨ ਧਰਮ ਅਨੁਸਾਰ ਬ੍ਰਹਮਚਾਰੀਆ ਅਣੁਵਰਤ ਕੀ ਹੈ ?

327. ਗੁਰਦੁਆਰੇ ਦੀਆਂ ਕੋਈ ਦੋ ਰਹਿਤ-ਮਰਯਾਦਾ ਦੱਸੋ।

328. ਵੈਦਿਕ ਮਾਨਤਾ ਅਨੁਸਾਰ ਸਪਤਰਿਸ਼ੀ ਕੀ ਹੈ ?

329. ਸਾਮਵੇਦ ਦੇ ਵਿਸ਼ੇ ਤੇ ਵਿਚਾਰ ਕਰੋ।

330. ਫ਼ਰੀਦ ਬਾਣੀ ਦੇ ਕੋਈ ਦੋ ਵਿਸ਼ੇ ਲਿਖੋ।

331. 'ਜਪੁਜੀ ਸਾਹਿਬ' ਅਨੁਸਾਰ 'ਪੰਚ' ਕੌਣ ਹੈ ?

332. ਕਿਸੇ ਦੋ ਉਪਨਿਸ਼ਟਾਂ ਬਾਰੇ ਜਾਣਕਾਰੀ ਦਿਓ।

333. ਵਿਸ਼ਨੂੰ ਸਮ੍ਰਿਤੀ ਬਾਰੇ ਸੰਖੇਪ ਜਾਣਕਾਰੀ ਦਿਓ।

334. ਅਸ਼ੋਕ ਨੇ ਬੁੱਧ ਧਰਮ ਦੇ ਪ੍ਰਚਾਰ ਲਈ ਮੁੱਖ ਤੌਰ ਤੇ ਕੀ ਕੀਤਾ ?

335. 'ਆਦਿ ਗ੍ਰੰਥ' ਵਿੱਚ ਦਰਜ ਕਿਸੇ ਭਗਤ ਦੀ ਬਾਣੀ ਦਾ ਵਿਸ਼ਾ ਦੱਸੋ।

336. ਜੈਨ ਧਰਮ ਦੀਆਂ ਕੋਈ ਦੋ ਨੈਤਿਕ ਸਿਖਿਆਵਾਂ ਲਿਖੋ।

337. ਸਿੰਧੂ ਘਾਟੀ ਦੇ ਲੋਕ ਪ੍ਰਕਿਰਤੀ ਦੀ ਪੂਜਾ ਕਰਦੇ ਸਨ, ਕਿਵੇਂ ?

338. ਮਹਾਤਮਾ ਬੁੱਧ ਦੇ ਨਿਰਮਾਣ ਬਾਰੇ ਕੀ ਵਿਚਾਰ ਹਨ ?

339. ਯਜੁਰਵੇਦ ਦੇ ਇੱਕ ਉਪਨਿਸ਼ਦ ਨਾਲ ਪ੍ਰੀਚੈ ਕਰਵਾਓ।

340. 'ਵਿਸ਼ਨੂੰ ਪੁਰਾਣ' ਵਿੱਚ ਕਿਹੜਾ ਵਿਸ਼ਾ ਪ੍ਰਗਟਾਇਆ ਗਿਆ ਹੈ ?

341. ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਕੀ ਕੀਤਾ ? ਸੰਖੇਪ ਉੱਤਰ ਦਿਓ।

342. ਨਾਰਦ ਪੁਰਾਣ ਨਾਲ ਸੰਖੇਪ ਜਾਣਕਾਰੀ ਕਰਵਾਓ।

343. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਕੀ ਪ੍ਰਭਾਵ ਪਿਆ ?

344. ਸਿੱਖ ਧਰਮ ਅਨੁਸਾਰ ਹਉਮੈ ਤੋਂ ਕੀ ਭਾਵ ਹੈ ?

345. ਜੈਨ ਧਰਮ ਅਨੁਸਾਰ ਅਹਿੰਸਾ ਕੀ ਹੈ ?

346. ਸਿੰਧੂ ਘਾਟੀ ਸਭਿਅਤਾ ਦੇ ਲੋਕ ਜਾਨਵਰਾਂ ਦੀ ਪੂਜਾ ਕਰਦੇ ਸਨ। ਵਿਚਾਰ ਕਰੋ।

347. ਆਰੀਆ ਲੋਕਾਂ ਦੇ ਰੁਦਰ ਦੇਵਤਾ ਬਾਰੇ ਤੁਸੀਂ ਕੀ ਜਾਣਦੇ ਹੋ ?

348. ਮਹਾਤਮਾ ਬੁੱਧ ਦੇ ਤਪੱਸਿਆ ਬਾਰੇ ਕੀ ਵਿਚਾਰ ਹਨ ?

349. ਗੁਰੂ ਅਮਰਦਾਸ ਜੀ ਨੇ ਕਿਹੜੇ ਨਵੇਂ ਗੀਤੀ-ਰਿਵਾਜ ਚਲਾਏ ?

350. 'ਜਪੁਜੀ' ਸਾਹਿਬ ਦਾ ਮੁੱਖ ਵਿਸ਼ਾ ਕੀ ਹੈ ?

351. ਬੁੱਧ ਮਤ ਦੀ ਤੀਜੀ ਮਹਾਨਤਾ ਬਾਰੇ ਜਾਣਕਾਰੀ ਦਿਓ।

352. 'ਕੱਠ ਉਪਨਿਸ਼ਟ' ਬਾਰੇ ਤੁਸੀਂ ਕੀ ਜਾਣਦੇ ਹੋ ?

353. ਜੈਨ ਧਰਮ ਦੇ 'ਸੱਚਾ ਆਚਰਨ' ਤੋਂ ਕੀ ਭਾਵ ਹੈ ?

354. ਸਿੱਖ ਧਰਮ ਵਿੱਚ ਕੀਰਤਨ ਦੀ ਕੀ ਮਹੱਤਤਾ ਹੈ ?

355. ਸਿੰਧੂ ਘਾਟੀ ਸਭਿਅਤਾ ਦੇ ਲੋਕਾਂ ਦੇ ਮ੍ਰਿਤਕ ਸੰਸਕਾਰ ਵਿੱਚ ਪਿੱਪਲ ਦੇ ਰੁੱਖ ਦੀ ਕੀ ਮਹੱਤਤਾ ਹੈ ?

356. ਆਰੀਆ ਦੇ ਵਿਸ਼ਨੂੰ ਦੇਵਤਾ ਦਾ ਸੰਖੇਪ ਪ੍ਰੀਚੈ ਕਰਵਾਓ।

357. ਮਹਾਤਮਾ ਬੁੱਧ ਦੇ ਜਨਮ ਬਾਰੇ ਸੰਖੇਪ ਜਾਣਕਾਰੀ ਦਿਓ।

358. ਚੰਦੂ ਸ਼ਾਹ ਨੇ ਗੁਰੂ ਅਰਜਨ ਦੇਵ ਜੀ ਦੀ ਵਿਰੋਧਤਾ ਕਿਉਂ ਕੀਤੀ ?

359. ਸਾਮਵੇਦ ਨਾਲ ਸੰਖੇਪ ਪ੍ਰੀਚੈ ਕਰਵਾਓ।

360. ਗੁਰੂ ਨਾਨਕ ਦੇਵ ਜੀ ਨੇ ਜਾਤੀ ਪ੍ਰਥਾ ਦੀ ਵਿਰੋਧਤਾ ਕੀਤੀ। ਕਿਵੇਂ ?

361. ਮੁੰਡਕ ਉਪਨਿਸ਼ਟ ਬਾਰੇ ਸੰਖੇਪ ਜਾਣਕਾਰੀ ਦਿਓ।

362. ਬੁੱਧ ਧਰਮ ਦੇ 'ਸੱਚਾ ਵਿਚਾਰ' ਨੂੰ ਖੁੱਲ੍ਹ ਕੇ ਸਮਝਾਓ।

363. ਜੈਨ ਧਰਮ ਅਨੁਸਾਰ ਮੋਕਸ਼ ਲਈ ਯਾਤਰਾਵਾਂ ਦਾ ਕਿਹੜੀਆਂ ਭਾਵਨਾਵਾਂ ਨਾਲ ਭਰਪੂਰ ਹੋਣਾ ਜ਼ਰੂਰੀ ਹੈ ?

364. ਸਿੱਖ ਧਰਮ ਅਨੁਸਾਰ 'ਹੁਕਮ' ਕੀ ਹੈ ?

365. ਸਿੱਖ ਅਰਦਾਸ ਕਦੋਂ-ਕਦੋਂ ਕੀਤੀ ਜਾਂਦੀ ਹੈ ? ਕੋਈ ਚਾਰ ਮੌਕੇ ਲਿਖੋ।

366. ਆਰੀਆ ਲੋਕਾਂ ਦੀ ਬਲੀ ਪ੍ਰਥਾ ਬਾਰੇ ਜਾਣਕਾਰੀ ਦਿਓ।

367. ਮਹਾਤਮਾ ਬੁੱਧ ਨੇ ਘਰ-ਬਾਰ ਛੱਡਣ ਦਾ ਫੈਸਲਾ ਕਿਉਂ ਕੀਤਾ ?

368. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਮੁੱਖ ਕਾਰਨ ਕੀ ਹਨ ?

369. ਬੁੱਧਮੱਤ ਦੇ ਪ੍ਰਚਾਰ ਲਈ ਅਸ਼ੋਕ ਦੁਆਰਾ ਪਾਏ ਗਏ ਕਿਸੇ ਇੱਕ ਯੋਗਦਾਨ ਬਾਰੇ ਜਾਣਕਾਰੀ ਦਿਓ।

370. ਉਪਨਿਸ਼ਦਾਂ ਦੇ 'ਏਕ ਈਸ਼ਵਰਵਾਦ' ਬਾਰੇ ਤੁਸੀਂ ਕੀ ਜਾਣਦੇ ਹੋ ?

371. ਸਿੱਖ ਧਰਮ ਦੇ ਇੱਕ ਅਕਾਲ ਪੁਰਖ ਦੇ ਸੰਕਲਪ ਨੂੰ ਉਲੀਕੋ।

372. ਸਿੱਖ ਧਰਮ ਅਨੁਸਾਰ 'ਗੁਰਮੁੱਖ' ਵਿੱਚ ਕਿਹੜੇ-ਕਿਹੜੇ ਗੁਣ ਹੋਣੇ ਚਾਹੀਦੇ ਹਨ ?

373. ਜੈਨ ਧਰਮ ਦੇ ਕਿਸੇ ਇੱਕ ਗ੍ਰੰਥ ਬਾਰੇ ਸੰਖੇਪ ਜਾਣਕਾਰੀ ਦਿਓ।

374. ਵੈਦਿਕ ਕਾਲ ਦੇ 'ਅਗਨੀ ਦੇਵਤਾ' ਬਾਰੇ ਦੋ-ਤਿੰਨ ਵਾਕ ਲਿਖੋ।

375. ਮਹਾਤਮਾ ਬੁੱਧ ਦੀ ਗਿਆਨ ਪ੍ਰਾਪਤੀ ਬਾਰੇ ਸੰਖੇਪ ਜਾਣਕਾਰੀ ਦਿਓ।

376. ਗੁਰੂ ਅਮਰਦਾਸ ਜੀ ਨੇ ਮੰਜੀ ਪ੍ਰਥਾ ਦਾ ਸੰਗਠਨ ਕਿਉਂ ਕੀਤਾ ?

377. ਬੁੱਧ ਮੱਤ ਦੇ ਕਿਸੇ ਇੱਕ ਗ੍ਰੰਥ ਬਾਰੇ ਸੰਖੇਪ ਪੀ੍ਚੈ ਕਰਵਾਓ।

378. ਪੁਰਾਣਾ ਦੇ ਮੁੱਖ ਲੱਛਣ ਲਿਖੋ।

379. ਮਨੂ ਸਮ੍ਰਿਤੀ ਬਾਰੇ ਸੰਖੇਪ ਜਾਣਕਾਰੀ ਦਿਓ।

380. ਗੁਰੂ ਹਰਿਕ੍ਰਿਸ਼ਨ ਜੀ ਦੇ ਜਨਮ ਅਤੇ ਮਾਤਾ-ਪਿਤਾ ਬਾਰੇ ਤੁਸੀਂ ਕੀ ਜਾਣਦੇ ਹੋ ?

381. ਜੈਨ ਮੱਤ ਅਨੁਸਾਰ ਮਹਾਵਰਤ ਨੈਤਿਕਤਾ ਕੀ ਹੈ ?

382. ਬੁੱਧ ਧਰਮ ਦੀਆਂ ਆਖਰੀ ਦੋ ਸਚਾਈਆਂ ਕੀ ਹਨ ?

383. ਸਿੱਖ ਧਰਮ ਅਨੁਸਾਰ 'ਸੰਗਤ' ਤੋਂ ਕੀ ਪ੍ਰਾਪਤ ਹੁੰਦਾ ਹੈ ?

384. ਵਰੁਣ ਦੇਵਤਾ ਬਾਰੇ ਸੰਖੇਪ ਜਾਣਕਾਰੀ ਦਿਓ।

385. ਪੁਨਰ ਜਨਮ ਬਾਰੇ ਮਹਾਤਮਾ ਬੁੱਧ ਦੇ ਵਿਚਾਰ ਲਿਖੋ।

386. ਬੁੱਧ ਮੱਤ ਦੀ ਦੂਜੀ ਮਹਾਂਸਭਾ ਬਾਰੇ ਜਾਣਕਾਰੀ ਦਿਓ।

387. ਪੁਰਾਣਾ ਦੇ ਮੁੱਖ ਵਿਸ਼ੇ ਕੀ ਹਨ ?

388. ਸੱਚੇ ਗੁਰੂ, ਗੁਰੂ ਤੇਗ ਬਹਾਦਰ ਜੀ ਦੀ ਤਲਾਸ਼ ਕਿਵੇਂ ਹੋਈ ?

389. ਰਾਮ ਰਾਇ ਨੇ ਗੁਰੂ ਹਰਿਕ੍ਰਿਸ਼ਨ ਜੀ ਦੀ ਵਿਰੋਧਤਾ ਕਿਉਂ ਕੀਤੀ ?

390. ਆਦਿ ਗ੍ਰੰਥ ਵਿੱਚ ਬਾਣੀ ਦੀ ਤਰਤੀਬ ਦੱਸੋ।

391. ਵਰਧਮਾਨ ਮਹਾਂਵੀਰ ਦੀਆਂ ਚਾਰ ਸਿਖਿਆਵਾਂ ਲਿਖੋ।

392. ਸਿੱਖ ਧਰਮ ਅਨੁਸਾਰ ਚਾਰ ਕੁਰਹਿਤਾਂ ਕਿਹੜੀਆਂ ਹਨ ?

393. ਇੰਦਰ ਦੇਵਤਾ ਬਾਰੇ ਚਾਰ ਵਾਕਾਂ 'ਚ ਜਾਣਕਾਰੀ ਦਿਓ।

394. ਅਹਿੰਸਾ ਸਬੰਧੀ ਬੁੱਧ ਦੇ ਕੀ ਵਿਚਾਰ ਸਨ ?

395. 'ਸਰਬੱਤ ਦੇ ਭਲੇ' ਤੋਂ ਕੀ ਭਾਵ ਹੈ ?

396. ਪੁਰਾਣਾ ਦੇ ਦਾਰਸ਼ਨਿਕ ਵਿਸ਼ੇ ਲਿਖੋ।

397. ਮਹਾਤਮਾ ਬੁੱਧ ਦੇ ਨਿਰਮਾਣ ਤੇ ਪ੍ਰਕਾਸ਼ ਪਾਓ।

398. ਵਰਧਮਾਨ ਮਹਾਂਵੀਰ ਦੀਆਂ ਚਾਰ ਸਿਖਿਆਵਾਂ ਲਿਖੋ।

399. ਸਿੱਖ ਧਰਮ ਅਨੁਸਾਰ ਆਨੰਦ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ?

ਭਾਗ – ਏ

5-7 ਵਾਕਾਂ ਵਿੱਚ ਉੱਤਰਾਂ ਵਾਲੇ ਪ੍ਰਸ਼ਨ :-

401. ਆਰੀਆ ਲੋਕ ਆਪਣੇ ਦੇਵਤਿਆਂ ਦੀ ਪੂਜਾ ਕਿਵੇਂ ਕਰਦੇ ਸਨ ?

402. ਸਿੰਧੂ ਘਾਟੀ ਸਭਿਅਤਾ ਦੇ ਲੋਕਾਂ ਦੀ 'ਸੂਰਜ' ਪੂਜਾ ਤੇ ਨੋਟ ਲਿਖੋ।

403. ਬੋਧ 'ਸੰਘ' ਤੋਂ ਕੀ ਭਾਵ ਹੈ ?

404. ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਬਾਰੇ ਤੁਸੀਂ ਕੀ ਜਾਣਦੇ ਹੋ ?

405. ਵੈਦਿਕ ਸਾਹਿਤ ਵਿੱਚੋਂ ਸਵਰਗ ਅਤੇ ਨਰਕ ਵਿੱਚ ਵਿਸ਼ਵਾਸ ਦਾ ਪਤਾ ਲੱਗਦਾ ਹੈ। ਵਿਚਾਰ ਕਰੋ।

406. ਮਨੂੰ ਸਮ੍ਰਿਤੀ ਤੇ ਸੰਖੇਪ ਨੋਟ ਲਿਖੋ।

407. ਆਦਿ ਗ੍ਰੰਥ ਸਾਹਿਬ ਜੀ ਦੀ ਬਾਣੀ ਕਿਵੇਂ ਇਕੱਠੀ ਕੀਤੀ ਗਈ ?

408. ਬੁੱਧ ਮੱਤ ਦੀਆਂ ਚਾਰ ਸਚਾਈਆਂ ਚੋਂ ਕਿਸੇ ਦੋ ਬਾਰੇ ਜਾਣਕਾਰੀ ਦਿਓ।

409. 'ਨਿੱਤਨੇਮ' ਦੀ ਕਿਸੇ ਬਾਣੀ ਬਾਰੇ ਤੁਸੀਂ ਕੀ ਜਾਣਦੇ ਹੋ ?

410. ਜੈਨਮਤ ਦੇ ਦਿਗੰਬਰ ਫਿਰਕੇ ਦਾ ਪ੍ਰੀਚੈ ਕਰਵਾਓ।

411. ਸਿੰਧੂ ਘਾਟੀ ਸਭਿਅਤਾ ਦੇ ਲੋਕਾਂ ਦੇ ਮ੍ਰਿਤੂ ਸੰਸਕਾਰ ਬਾਰੇ ਤੁਸੀਂ ਕੀ ਜਾਣਦੇ ਹੋ ?

412. ਬੁੱਧ ਧਰਮ ਦੇ ਕਿਸੇ ਦੋ ਗ੍ਰੰਥਾਂ ਬਾਰੇ ਸੰਖੇਪ ਜਾਣਕਾਰੀ ਦਿਓ।

413. ਗੁਰੂ ਰਾਮਦਾਸ ਜੀ ਨੇ ਉਦਸੀਆ ਨਾਲ ਭੇਦ-ਭਾਵ ਕਿਵੇਂ ਖਤਮ ਕੀਤਾ ?

414. ਵੇਦਾਂ ਵਿੱਚ ਕਰਮ ਫਲ ਬਾਰੇ ਜਾਣਕਾਰੀ ਮਿਲਦੀ ਹੈ। ਵਿਚਾਰ ਕਰੋ।

415. ਵਿਸ਼ਨੂੰ ਸਮ੍ਰਿਤੀ ਬਾਰੇ ਸੰਖੇਪ ਜਾਣਕਾਰੀ ਦਿਓ।

416. ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤਿੰਨ ਵਿਸ਼ੇਸ਼ਤਾਵਾਂ ਲਿਖੋ।

417. ਬੁੱਧ ਧਰਮ ਦੀ ਸਹੀ ਦ੍ਰਿਸ਼ਟੀ ਤੋਂ ਕੀ ਭਾਵ ਹੈ ?

418. ਸਿੱਖ ਧਰਮ ਵਿੱਚ 'ਚੜ੍ਹਦੀ ਕਲਾ' ਤੋਂ ਕੀ ਭਾਵ ਹੈ ?

419. ਜੈਨ ਧਰਮ ਦੇ ਸਵੰਤਬਰ ਫਿਰਕੇ ਦਾ ਪ੍ਰੀਚੈ ਕਰਵਾਓ।

420. ਸਿੰਧੂ ਘਾਟੀ ਦੇ ਲੋਕ ਰੁੱਖਾਂ ਦੀ ਪੂਜਾ ਕਰਦੇ ਸਨ। ਬਿਆਨ ਕਰੋ।

421. ਬੁੱਧ ਧਰਮ ਦੀਆਂ ਅਵਦਾਨ ਪੁਸਤਕਾਂ ਵਿੱਚ ਕੀ ਲਿਖਿਆ ਹੈ ?

422. ਗੁਰੂ ਅਮਰਦਾਸ ਜੀ ਦੇ ਸਮਾਜ ਸੁਧਾਰਾਂ ਤੇ ਸੰਖੇਪ ਨੋਟ ਲਿਖੋ।

423. ਸ਼੍ਰਿਸਟੀ ਦੀ ਉਤਪੱਤੀ ਕਿਵੇਂ ਹੋਈ ? ਵੈਦਿਕ ਸਹਿਤ ਦੇ ਆਧਾਰ ਤੇ ਉੱਤਰ ਦਿਓ।

424. 'ਨਾਰਦ ਸਮ੍ਰਿਤੀ' ਤੇ ਨੋਟ ਲਿਖੋ।

425. ਬੁੱਧ ਧਰਮ ਵਿੱਚ 'ਸਹੀ ਕਿਰਤ' ਕਿਸ ਨੂੰ ਆਖਿਆ ਜਾਂਦਾ ਹੈ ?

426. ਬੁੱਧ ਧਰਮ ਦਾ ਸਹੀ ਸੰਕਲਪ ਕਿਸ ਨੂੰ ਆਖਿਆ ਜਾਂਦਾ ਹੈ ?

427. ਸਿੱਖ ਧਰਮ ਅਨੁਸਾਰ ਅਰਦਾਸ ਕਦੋਂ-ਕਦੋਂ ਕਰਨੀ ਚਾਹੀਦੀ ਹੈ ?

428. ਜੈਨ ਧਰਮ ਅਨੁਸਾਰ ਨਿਰਜਰਾ ਤੋਂ ਕੀ ਭਾਵ ਹੈ ?

429. ਜੈਨ ਧਰਮ ਅਨੁਸਾਰ ਪਾਪ ਕੀ ਹੈ ?

430. ਸਿੰਧੂ ਘਾਟੀ ਸਭਿਅਤਾ ਦੇ ਲੋਕ ਮੌਤ ਮਗਰੋਂ ਜੀਵਨ 'ਚ ਵਿਸ਼ਵਾਸ ਕਰਦੇ ਸਨ।

431. ਮਹਾਤਮਾ ਬੁੱਧ ਦੀ ਗਿਆਨ ਪ੍ਰਾਪਤੀ ਦੀ ਘਟਨਾ 'ਤੇ ਨੋਟ ਲਿਖੋ।

432. ਗੁਰੂ ਅਰਜਨ ਦੇਵ ਜੀ ਦੁਆਰਾ ਲਾਹੌਰ ਦੀ ਬਾਉਲੀ ਦੇ ਨਿਰਮਾਣ ਬਾਰੇ ਜਾਣਕਾਰੀ ਦਿਓ।

433. ਰਿਗਵੇਦ ਵਿਚਲੇ ਦਾਰਸ਼ਨਿਕ ਵਿਚਾਰਾਂ ਨੂੰ ਕਲਮ ਕਰੋ।

434. ਧਰਮ ਸੂਤਰ ਤੋਂ ਕੀ ਭਾਵ ਹੈ ?

435. ਆਦਿ ਗ੍ਰੰਥ ਦੀ ਸੰਪਾਦਨਾ ਦੀ ਲੋੜ ਕਿਉਂ ਪਈ ?

436. ਬੁੱਧ ਧਰਮ ਦੇ ਅਸ਼ਟਾਂਗ ਮਾਰਗ ਦੇ ਕਦਮ 'ਸਹੀ ਬਾਣੀ' ਦੀ ਕੀ ਮਹੱਤਤਾ ਹੈ ?

437. ਸਿੱਖ ਧਰਮ ਵਿੱਚ ਨਾਮ ਸਿਮਰਨ ਦੀ ਕੀ ਮਹੱਤਤਾ ਹੈ ?

438. ਸਿੱਖ ਧਰਮ ਅਨੁਸਾਰ ਸਰਬੱਤ ਦੇ ਭਲੇ ਤੋਂ ਕੀ ਭਾਵ ਹੈ ?

439. ਜੈਨ ਧਰਮ 'ਜੀਵ' ਬਾਰੇ ਕੀ ਆਖਦਾ ਹੈ ?

440. ਸਿੰਧੂ ਘਾਟੀ ਦੇ ਲੋਕਾਂ ਦੀ ਸਵਭਾਵਿਕ ਪੂਜਾ ਬਾਰੇ ਨੋਟ ਲਿਖੋ।

441. ਬੁੱਧਮੱਤ ਵਿੱਚ ਆਤਮਾ ਦੀ ਹੋਂਦ ਤੇ ਵਿਸ਼ਵਾਸ ਕੀਤਾ ਜਾਂਦਾ ਹੈ। ਵਿਚਾਰ ਕਰੋ।

442. ਗੁਰੂ ਅਰਜਨ ਦੇਵ ਜੀ ਨੇ ਮਸੰਦ ਪ੍ਰਥਾ ਵਿੱਚ ਕੀ ਸੁਧਾਰ ਕੀਤਾ ?

443. ਰਿਗਵੇਦ ਤੋਂ ਉਸ ਸਮੇਂ ਦੇ ਬਹੁਦੇਵਵਾਦ ਦਾ ਪਤਾ ਲੱਗਦਾ ਹੈ। ਵਿਚਾਰ ਕਰੋ।

444. ਤੈਤੀਯ ਉਪਨਿਸ਼ਦ ਬਾਰੇ ਤੁਸੀਂ ਕੀ ਜਾਣਦੇ ਹੋ ?

445. ਨਿੱਤਨੇਮ ਦੀਆਂ ਬਾਣੀਆਂ ਬਾਰੇ ਸੰਖੇਪ ਜਾਣਕਾਰੀ ਦਿਓ।

446. ਬੁੱਧਮੱਤ ਅਨੁਸਾਰ ਦੁੱਖਾਂ ਦੀ ਸਮਾਪਤੀ ਕਿਵੇਂ ਹੋ ਸਕਦੀ ਹੈ ?

447. ਸਿੱਖ ਧਰਮ ਦੇ ਜਨਮ ਸੰਸਕਾਰ ਬਾਰੇ ਸੰਖੇਪ ਜਾਣਕਾਰੀ ਦਿਓ।

448. ਸਿੱਖ ਧਰਮ ਅਨੁਸਾਰ 'ਦਸਵੰਧ' ਕੀ ਹੈ ?

449. ਜੈਨ ਧਰਮ ਅਨੁਸਾਰ ਅਜੀਵ ਕਿਸ ਨੂੰ ਆਖਦੇ ਹਨ ?

450. ਆਰੀਆ ਦੀ ਊਸ਼ਾ ਦੇਵੀ ਬਾਰੇ ਜਾਣਕਾਰੀ ਦਿਓ।

451. ਬੋਧੀਸਤਵ ਦਾ ਸਿਧਾਂਤ ਕੀ ਹੈ ?

452. ਮੀਰੀ-ਪੀਰੀ ਤੇ ਨੋਟ ਲਿਖੋ।

453. ਰਿਗਵੇਦ ਦੀਆਂ ਸਾਖਾਂ ਬਾਰੇ ਵਿਚਾਰ ਕਰੋ।

454. ਉਪਨਿਸ਼ਦਾਂ ਦਾ ਮੁੱਖ ਵਿਸ਼ਾ ਕੀ ਹੈ ?

455. ਆਦਿ ਗ੍ਰੰਥ ਦੀਆਂ ਰਾਗਬੱਧ ਬਾਣੀਆਂ ਤੇ ਸੰਖੇਪ ਨੋਟ ਲਿਖੋ।

456. ਬੁੱਧ ਧਰਮ ਦੀ ਚੌਥੀ ਮਹਾਂਸਭਾ ਬਾਰੇ ਜਾਣਕਾਰੀ ਦਿਓ।

457. ਆਦਿ ਗ੍ਰੰਥ ਦੀ ਕਿਸੇ ਰਾਗਮੁਕਤ ਬਾਣੀ ਨਾਲ ਜਾਣ-ਪਛਾਣ ਕਰਾਓ।

458. ਵਰਧਮਾਨ ਮਹਾਂਵੀਰ ਦੇ ਜਨਮ, ਮਾਤਾ-ਪਿਤਾ ਅਤੇ ਬਚਪਨ ਬਾਰੇ ਜਾਣਕਾਰੀ ਦਿਓ।

459. ਸਿੱਖ ਜੀਵਨ ਜਾਚ ਅਨੁਸਾਰ 'ਹੁਕਮ' ਕੀ ਹੈ ?

460. ਆਰੀਆਂ ਦੇ ਰੁਦਰ ਦੇਵਤਾ ਬਾਰੇ ਤੁਸੀਂ ਕੀ ਜਾਣਦੇ ਹੋ ?

461. ਬੁੱਧਮੱਤ ਵਿੱਚ ਆਤਮ-ਨਿਰਭਰਤਾ ਤੇ ਜ਼ੋਰ ਦਿੱਤਾ ਗਿਆ ਹੈ। ਚਰਚਾ ਕਰੋ।

462. ਗੁਰੂ ਹਰਿਰਾਇ ਸਾਹਿਬ ਜੀ ਨੇ ਦਾਰਾ ਦੀ ਸਹਾਇਤਾ ਕਿਵੇਂ ਕੀਤੀ ?

463. ਯਜੁਰਵੇਦ ਦੇ ਵਿਸ਼ਾ-ਵਸਤੂ 'ਤੇ ਨੋਟ ਲਿਖੋ।

464. 'ਏਤਰੇਯ ਉਪਨਿਸ਼ਦ' ਬਾਰੇ ਤੁਸੀਂ ਕੀ ਜਾਣਦੇ ਹੋ ?

465. ਆਦਿ ਗ੍ਰੰਥ ਦੇ ਕਿਸੇ ਦੋ ਰਾਗਾਂ ਬਾਰੇ ਜਾਣਕਾਰੀ ਦਿਓ।

466. ਬੁੱਧਮੱਤ ਅਨੁਸਾਰ ਦੁੱਖ ਕਿਵੇਂ ਦੂਰ ਹੋ ਸਕਦਾ ਹੈ ?

467. 'ਗੁਰਦੁਆਰਾ' ਸੰਸਥਾ ਤੇ ਨੋਟ ਲਿਖੋ।

468. ਸਿੱਖ ਜੀਵਨ ਜਾਚ ਅਨੁਸਾਰ 'ਹਉਮੈਂ' ਕੀ ਹੈ ਅਤੇ ਇਸ ਦਾ ਇਲਾਜ ਕੀ ਹੈ ?

469. ਜੈਨਮੱਤ ਅਨੁਸਾਰ ਮੋਕਸ਼ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ?

470. ਆਰੀਆ ਦੇ ਅਗਨੀ ਦੇਵਤਾ ਦਾ ਪ੍ਰੀਚੈ ਕਰਵਾਓ।

471. ਪਰਮਾਤਮਾ ਬਾਰੇ ਬੁੱਧਮਤ ਵਾਲਿਆਂ ਦੇ ਕੀ ਵਿਚਾਰ ਹਨ ?

472. ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਪਿੱਛੋਂ ਉਤਰਾਅਧਿਕਾਰੀ ਦਾ ਕਿਵੇਂ ਪਤਾ ਲੱਗਾ ?

473. 'ਸਾਮਵੇਦ' ਦਾ ਸੰਖੇਪ ਪ੍ਰੀਚੈ ਕਰਵਾਓ।

474. ਪੁਰਾਣਾ ਦੇ ਦੋ ਵਿਸ਼ਿਆਂ ਬਾਰੇ ਜਾਣਕਾਰੀ ਦਿਓ।

475. 'ਬਾਰਾਮਾਂਹ' ਕੀ ਹੁੰਦਾ ਹੈ ? ਆਦਿ ਗ੍ਰੰਥ ਦੇ ਕਿਸੇ ਬਾਰਾਮਾਂਹ ਸਬੰਧੀ ਜਾਣਕਾਰੀ ਦਿਓ।

476. ਆਦਿ ਗ੍ਰੰਥ ਵਿਚਲੀ ਕਬੀਰ ਬਾਣੀ ਦਾ ਵਿਸ਼ਾ ਲਿਖੋ।

477. ਬੁੱਧ ਧਰਮ ਅਨੁਸਾਰ 'ਸਹੀ ਸਮਾਧੀ' ਤੋਂ ਕੀ ਭਾਵ ਹੈ ?

478. ਜੈਨ ਧਰਮ ਅਨੁਸਰ 'ਬੰਧ' ਤੋਂ ਕੀ ਭਾਵ ਹੈ ?

479. ਸਿੱਖ ਜੀਵਨ ਜਾਚ ਅਨੁਸਾਰ ਸੱਚਖੰਡ ਕੀ ਹੈ ?

(24)

480. ਆਰੀਆ ਦੇ ਸੂਰਜ ਦੇਵਤਾ ਬਾਰੇ ਸੰਖੇਪ ਜਾਣਕਾਰੀ ਦਿਓ।

481. ਤੀਜੀ ਬੋਧੀ ਮਹਾਂਸਭਾ ਤੇ ਨੋਟ ਲਿਖੋ।

482. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਮੁੱਖ ਕਾਰਨ ਕੀ ਸੀ ?

483. ਰਿਗਵੇਦ 'ਚੋਂ ਉਸ ਸਮੇਂ ਦੀ ਸਮਾਜਕ ਹਾਲਤ ਦਾ ਕੀ ਪਤਾ ਲੱਗਦਾ ਹੈ ?

484. ਪੁਰਾਣਾ ਦਾ ਰਚਨਾ ਕਾਲ ਅਤੇ ਕਰਤਾ ਬਾਰੇ ਤੁਸੀਂ ਕੀ ਜਾਣਦੇ ਹੋ ?

485. 'ਸੁਖਮਨੀ' ਸਾਹਿਬ ਤੇ ਨੋਟ ਲਿਖੋ।

486. ਬੁੱਧ ਧਰਮ ਦੀਆਂ ਚਾਰ ਸਚਾਈਆਂ ਕੀ ਹਨ ?

487. ਸਿੱਖ ਧਰਮ ਵਿੱਚ ਕੀਰਤਨ ਦੀ ਕੀ ਮਹੱਤਤਾ ਹੈ ?

488. ਸਿੱਖ ਧਰਮ ਵਿੱਚ ਅਮ੍ਰਿੰਤਪਾਨ ਸੰਸਕਾਰ ਕਿਵੇਂ ਕੀਤਾ ਜਾਂਦਾ ਹੈ ?

489. ਵਰਧਮਾਨ ਮਹਾਂਵੀਰ ਦੇ ਅਹਿੰਸਾ ਦੇ ਸਿਧਾਂਤ ਤੇ ਪ੍ਰਕਾਸ਼ ਪਾਓ।

490. ਆਰੀਆ ਦੇ ਦੇਵਤਾ 'ਸਵਿਤਾ' ਦਾ ਪ੍ਰੀਚੈ ਕਰਵਾਓ।

491. ਬੋਧ ਸੰਘ ਅਤੇ ਵਿਹਾਰਾਂ ਦੀ ਸਥਾਪਨਾ ਲਈ ਅਸ਼ੋਕ ਨੇ ਕੀ ਯੋਗਦਾਨ ਪਾਇਆ ?

492. ਗੁਰੂ ਗੋਬਿੰਦ ਸਿੰਘ ਜੀ ਦੀ ਚਮਕੌਰ ਦੀ ਲੜਾਈ ਬਾਰੇ ਸੰਖੇਪ ਜਾਣਕਾਰੀ ਦਿਓ।

493. ਅਥਰਵਵੇਦ ਬਾਰੇ ਤੁਸੀਂ ਕੀ ਜਾਣਦੇ ਹੋ ?

494. ਪੁਰਾਣਾ ਦੀ ਉਤਪੱਤੀ ਅਤੇ ਗਿਣਤੀ ਬਾਰੇ ਜਾਣਕਾਰੀ ਦਿਓ।

495. ਬੁੱਧਮੱਤ ਦੇ ਅਸ਼ਟਾਂਗ ਮਾਰਗ 'ਚੋਂ ਕਿਸੇ ਦੋ ਬਾਰੇ ਜਾਣਕਾਰੀ ਦਿਓ।

496. ਸਿੱਖ ਧਰਮ ਵਿੱਚ ਸੰਗਤ ਦੀ ਕੀ ਮਹੱਤਤਾ ਹੈ ?

497. ਸਿੱਖ ਧਰਮ ਵਿੱਚ ਲੰਗਰ ਦੀ ਸੰਸਥਾ ਬਾਰੇ ਸੰਖੇਪ ਜਾਣਕਾਰੀ ਦਿਓ।

498. ਜੈਨ ਧਰਮ ਦੀਆਂ ਮੁੱਖ ਨੈਤਿਕ ਸਿਖਿਆਵਾਂ ਲਿਖੋ।

499. ਜੈਨ ਧਰਮ ਦੇ ਤਿੰਨ ਰਤਨਾਂ 'ਚੋਂ ਕਿਸੇ ਇੱਕ ਬਾਰੇ ਜਾਣਕਾਰੀ ਦਿਓ।